ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਸ਼ੁੱਕਰਵਾਰ 05 ਅਪ੍ਰੈਲ 2024




R.N.I.Punpun/29016/2008 * ਸਾਲ 15 * ਅੰਕ : 315 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਥਾਈਲੈਂਡ 'ਚ ਕਿਸ਼ਤੀ ਨੂੰ ਲੱਗੀ ਅੱਗ ਸਵਾਰੀਆਂ ਨੇ ਸਮੁੰਦਰ ਵਿੱਚ ਛਾਲ ਮਾਰ ਬਚਾਈ ਜਾਨ

ਲੋਕ ਬਾਣੀ



ਬੈਂਕਾਕ : ਥਾਈਲੈਂਡ ਦੀ ਖਾੜੀ ਵਿੱਚ ਵੀਰਵਾਰ ਸਵੇਰੇ ਇੱਕ ਕਿਸ਼ਤੀ ਵਿੱਚ ਭਿਆਨਕ ਅੱਗ ਲੱਗ ਗਈ। ਘਬਰਾਏ ਹੋਏ ਯਾਤਰੀਆਂ ਨੇ ਭਿਆਨਕ ਅੱਗ ਤੋਂ ਬਚਣ ਲਈ ਸਮੁੰਦਰ ਵਿੱਚ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਜਹਾਜ਼ ਵਿਚ ਸਵਾਰ ਸਾਰੇ 108 ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਸੂਰਤ ਥਾਨੀ ਪ੍ਰਾਂਤ ਤੋਂ ਰਾਤ ਭਰ ਦੀ ਕਿਸ਼ਤੀ ਥਾਈ ਤੱਟ ਦੇ ਇੱਕ ਪ੍ਰਸਿੱਧ ਸੈਲਾਨੀ ਸਥਾਨ ਕੋਹ ਤਾਓ ਪਹੁੰਚਣ ਵਾਲੀ ਸੀ। ਫਿਰ ਇੱਕ ਯਾਤਰੀ ਨੇ ਅਚਾਨਕ ਇੱਕ ਉੱਚੀ ਆਵਾਜ਼ ਸੁਣੀ ਅਤੇ ਧੂੰਏਂ ਦੀ ਗੰਧ ਆਈ। ਕਿਸ਼ਤੀ 'ਤੇ ਸਵਾਰ ਇਕ ਯਾਤਰੀ ਮੈਤਰੀ ਪ੍ਰੋਮਜੰਪਾ ਨੇ ਕਿਹਾ ਕਿ ਉਸ ਨੇ ਪੰਜ ਮਿੰਟਾਂ ਤੋਂ ਵੀ ਘੱਟ ਸਮੇਂ 'ਚ ਧੂੰਆਂ ਅਤੇ ਅੱਗ ਨਿਕਲਦੇ ਦੇਖੇ ਅਤੇ ਉਦੋਂ ਹੀ ਲੋਕਾਂ ਨੇ ਰੌਲਾ ਪਾਉਣਾ ਅਤੇ ਅਲਾਰਮ ਵਜਾਉਣਾ ਸ਼ੁਰੂ ਕਰ ਦਿੱਤਾ।

## ਰਿਸ਼ਤੇਦਾਰ ਨੇ ਹੀ ਕਰਤੇ ਤਿੰਨ ਕਤਲ

ਲੋਕ ਬਾਣੀ/ ਅਮ੍ਰਿਤਸਰ, ਲੋਕ ਬਾਣੀ



ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕੰਦੋਵਾਲੀ ਵਿਖੇ ਬੀਤੀ ਰਾਤ 35 ਸਾਲ ਨੌਜਵਾਨ ਅੰਮ੍ਰਿਤਪਾਲ ਸਿੰਘ ਨੇ ਆਪਣੀ ਮਾਂ ਮਨਬੀਰ ਕੌਰ, ਭਾਬੀ ਅਵਨੀਤ ਕੌਰ ਅਤੇ ਭਤੀਜੇ ਸਮਰੱਥ ਸਿੰਘ (2) ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰਕੇ ਥਾਣਾ ਝੰਡੇਰ ਵਿੱਚ ਪੇਸ਼ ਹੋ ਗਿਆ। ਡੀਐੱਸਪੀ ਅਜਨਾਲਾ ਸਮੇਤ ਥਾਣਾ ਝੰਡੇਰ ਵੱਲੋਂ ਮੌਕੇ ਪਹੁੰਚ ਕੇ ਕਾਰਵਾਈ ਕੀਤੀ ਜਾ ਰਹੀ ਹੈ।



## ਸੋਨੀਆ ਗਾਂਧੀ ਸਮੇਤ 14 ਆਗੂਆਂ ਨੇ ਰਾਜ ਸਭਾ ਮੈਂਬਰ ਵਜੋਂ ਚੁੱਕੀ ਸਹੁੰ

ਲੋਕ ਬਾਣੀ/ ਦਿੱਲੀ

ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਸਣੇ 14 ਆਗੂਆਂ ਨੇ ਅੱਜ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਸਭਾਪਤੀ ਜਗਦੀਪ ਧਨਖੜ ਨੇ ਸੰਸਦ ਸਦਨ ਦੀ ਨਵੀਂ ਇਮਾਰਤ ਵਿੱਚ ਇਨ੍ਹਾਂ ਮੈਂਬਰਾਂ ਨੂੰ ਸਹੁੰ ਚੁਕਾਈ।

## ਪੰਜਾਬ ਵਿੱਚ ਡੇਰੇ ਦੇ ਬਾਬੇ ਨੇ ਬੱਚੇ ਦੀ ਕੀਤੀ ਜ਼ਬਰਦਸਤ ਕੁਟਮਾਰ

ਲੋਕ ਬਾਣੀ/ ਕਪੂਰਥਲਾ, ਲੋਕ ਬਾਣੀ

ਕਪੂਰਥਲਾ, 4 ਅਪ੍ਰੈਲ (ਅਮਨਜੋਤ ਸਿੰਘ ਵਾਲੀਆ)–ਜੱਗੂ ਸ਼ਾਹ ਡੇਰਾ ਦੇ ਰਹਿਣ ਵਾਲੇ ਇਕ ਬੱਚੇ ਨੂੰ ਇਕ ਡੇਰੇ ਦੇ ਬਾਬੇ ਨੇ ਬੁਰੀ ਤਰ੍ਹਾਂ ਕੁੱਟ ਕੇ ਜ਼ਖ਼ਮੀ ਕਰ ਦਿੱਤਾ ਜਾਣਕਾਰੀ ਦਿੰਦਿਆਂ ਬੱਚੇ ਦੇ ਪਿਤਾ ਦਲੀਪ ਕੁਮਾਰ ਨੇ ਦੱਸਿਆ ਕਿ ਉਸ ਦਾ ਪੁੱਤਰ ਰੱਜਤ ਕੁਮਾਰ ਵਾਸੀ ਜੱਗੂ ਸ਼ਾਹ ਡੇਰਾ ਜੋ ਕਿ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਹੈ । ਅੱਜ ਉਸ ਨੂੰ ਉਸ ਦੀ ਮਾਤਾ ਤਲਵੰਡੀ ਮਹਿਮਾ ਵਿਖੇ ਇਕ ਡੇਰੇ ਵਿਚ ਲੈ ਕੇ ਗਈ, ਜਿੱਥੇ ਡੇਰੇ ਦੇ ਬਾਬੇ ਨੇ ਉਨ੍ਹਾਂ ਨੂੰ ਕਿਹਾ ਕਿ ਇਸ ਦੇ ਅੰਦਰ ਭੂਤਾਂ ਦਾ ਵਾਸਾ ਹੈ । ਉਸ ਨੇ ਡੰਡਾ ਲੈ ਕੇ ਉਸ ਦੀ ਬੇਰਹਿਮੀ ਨਾਲ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਬੇਹੋਸ਼ ਕਰ ਦਿੱਤਾ ? ਉਸ ਦੀ ਮਾਤਾ ਨੇ ਉਸ ਨੂੰ ਸਿਵਲ ਹਸਪਤਾਲ ਕਪੂਰਥਲਾ ਵਿਖੇ ਦਾਖ਼ਲ ਕਰਵਾਇਆ।

## ਖਨੌਰੀ ਬਾਰਡਰ ਤੇ ਲੈ ਕੇ ਆਈ ਪੁਲਿਸ ਜਖਮੀ ਪ੍ਰਿਤਪਾਲ ਸਿੰਘ ਨੂੰ ਨਿਸ਼ਾਨ ਦੇਹੀ ਲਈ

ਲੋਕ ਬਾਣੀ/ ਲੁਧਿਆਣਾ, ਸੁਖਚੈਨ ਮਹਿਰਾ



ਖਨੌਰੀ ਬਾਰਡਰ ਤੋਂ ਹਰਿਆਣਾ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਕੇ ਕਥਿਤ ਤੌਰ 'ਤੇ ਕੁੱਟਮਾਰ ਕਾਰਨ ਗੰਭੀਰ ਜ਼ਖ਼ਮੀ ਹੋਏ ਪ੍ਰਿਤਪਾਲ ਸਿੰਘ ਨੂੰ ਅੱਜ ਅਦਾਲਤ ਦੇ ਹੁਕਮ 'ਤੇ ਨਿਸ਼ਾਨਦੇਹੀ ਕਰਾਉਣ ਲਈ ਐਂਬੂਲੈਂਸ ਰਾਹੀਂ ਖਨੌਰੀ ਬਾਰਡਰ ਤੇ ਲਿਆਂਦਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਇਸ ਮਾਮਲੇ 'ਤੇ ਜਵਾਬ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਸਮਾਂ ਮੰਗਿਆ ਸੀ ਅਤੇ ਇਹ ਵੀ ਕਿਹਾ ਕਿ ਪੁਲੀਸ ਨੂੰ ਘਟਨਾ ਵਾਲੀ ਥਾਂ ਦੀ ਪਛਾਣ ਕਰਨੀ ਪਵੇਗੀ ਕਿ ਉਹ ਹਰਿਆਣਾ ਵਿਚ ਹੈ ਜਾਂ ਪੰਜਾਬ ਵਿੱਚ, ਜਿਸ 'ਤੇ ਪ੍ਰਿਤਪਾਲ ਸਿੰਘ ਦੇ ਵਕੀਲ ਵੱਲੋਂ ਅਦਾਲਤ ਪਾਸੋਂ ਮੰਗ ਕਰਨ 'ਤੇ ਕਿ ਜੇ ਸਰਕਾਰ ਉਸ ਨੂੰ ਐਂਬੂਲੈਂਸ ਮੁਹੱਈਆ ਕਰਵਾਉਂਦੀ ਹੈ ਤਾਂ ਪ੍ਰਿਤਪਾਲ ਨੂੰ ਘਟਨਾ ਵਾਲੀ ਥਾਂ 'ਤੇ ਲਿਜਾਇਆ ਜਾ ਸਕਦਾ ਹੈ। ਅੱਜ ਡੀਐੱਸਪੀ ਪਾਤੜਾਂ ਦੀ ਅਗਵਾਈ ਵਿੱਚ ਪ੍ਰਿਤਪਾਲ ਸਿੰਘ ਨੂੰ ਖਨੌਰੀ ਬਾਰਡਰ 'ਤੇ ਲਿਆਂਦਾ ਗਿਆ।

## ਪੰਜਾਬ ਹਿਮਾਚਲ ਵਿੱਚ ਲੱਗੇ ਜ਼ਬਰਦਸਤ ਭੂਚਾਲ ਦੇ ਝਟਕੇ

ਲੋਕ ਬਾਣੀ/ ਚੰਡੀਗੜ੍ਹ, ਵਿਨੋਦ ਸ਼ਰਮਾ

– ਵੀਰਵਾਰ ਦੇਰ ਸ਼ਾਮ ਹਿਮਾਚਲ ਪ੍ਰਦੇਸ਼ ਦੇ ਚੰਬਾ 'ਚ ਭੁਚਾਲ ਦੇ ਜ਼ਬਰਦਸਤ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 5.3 ਮਾਪੀ ਗਈ। ਚੰਬਾ ਤੋਂ 350 ਕਿਲੋਮੀਟਰ ਦੂਰ ਚੰਬਾ ਸ਼ਹਿਰ ਅਤੇ ਮਨਾਲੀ 'ਚ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ ਨੇ ਦੱਸਿਆ ਕਿ ਚੰਬਾ 'ਚ ਰਾਤ 9:34 'ਤੇ ਭੂਚਾਲ ਆਇਆ। ਫਿਲਹਾਲ ਭੁਚਾਲ ਕਾਰਨ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਸੂਚਨਾ ਨਹੀਂ ਹੈ।

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪਟਵਾਰੀ 2000 ਰੁਪਏ ਰਿਸ਼ਵਤ ਲੈਂਦਾ ਕਾਬੂ



ਲੋਕ ਬਾਣੀ/ ਚੰਡੀਗੜ੍ਹ

– ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਮਾਲ ਹਲਕਾ ਪਿੰਡ ਕੋਟ ਜਿਲਾ ਪਠਾਨਕੋਟ ਵਿਖੇ ਤਾਇਨਾਤ ਪਟਵਾਰੀ ਯਸ਼ਪਾਲ ਨੂੰ 2,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ, ਜੋ ਕਿ ਪਿੰਡ ਮੱਲਪੁਰ ਜਿਲਾ ਪਠਾਨਕੋਟ ਦਾ ਰਹਿਣ ਵਾਲਾ ਹੈ, ਨੂੰ ਸੰਜੀਵ ਸ਼ਰਮਾ ਵਾਸੀ ਪਿੰਡ ਤਿਹੜੀ ਟਿਕਾ ਬਾਸਾ, ਤਹਿਸੀਲ ਧਾਰ ਕਲਾਂ ਦੀ ਸ਼ਿਕਾਇਤ ‘ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਮਾਲ ਰਿਕਾਰਡ ਵਿੱਚ ਉਸ ਦੇ ਨਾਮ ਉਪਰ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਬਦਲੇ 3,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਅਤੇ ਇਸ ਸਬੰਧੀ 400 ਰੁਪਏ ਪਹਿਲਾਂ ਹੀ ਲੈ ਚੁੱਕਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਮੁਲਜ਼ਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ ਸ਼ਿਕਾਇਤਕਰਤਾ ਤੋਂ 2,000 ਰੁਪਏ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

ਰੋਜ਼ਾਨਾ ਲੋਕ ਬਾਣੀ

# ਅਧਿਆਪਕਾਂ ਨੂੰ ਝਟਕਾ ! ਚੋਣ ਜ਼ਾਬਤੇ ਕਾਰਨ ਰੁਕੇ ਤਬਾਦਲੇ



ਲੋਕ ਬਾਣੀ/ ਚੰਡੀਗੜ੍ਹ

ਚੰਡੀਗੜ੍ਹ– ਸਿੱਖਿਆ ਵਿਭਾਗ ਨੇ ਜੇਬੀਟੀ ਅਧਿਆਪਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਲੋਕ ਸਭਾ ਚੋਣਾਂ ਦੇ ਚੱਲਦਿਆਂ ਲੱਗੇ ਚੋਣ ਜ਼ਾਬਤੇ ਕਾਰਨ ਸਿੱਖਿਆ ਵਿਭਾਗ ਹਰਿਆਣਾ ਵੱਲੋਂ ਅਧਿਆਪਕਾਂ ਦੇ ਜਾਰੀ ਕੀਤੇ ਤਬਾਦਲੇ ਦੇ ਹੁਕਮ ਰੱਦ ਕਰ ਦਿੱਤੇ ਗਏ ਹਨ। ਇਸ ਕਾਰਨ ਜੇਬੀਟੀ ਅਧਿਆਪਕ ਤਬਾਦਲੇ ਤੋਂ ਬਾਅਦ ਵੀ ਡਿਊਟੀ ਜੁਆਇਨ ਨਹੀਂ ਕਰ ਸਕੇ ਹਨ। ਹਾਲ ਹੀ ਵਿੱਚ ਜਾਰੀ ਕੀਤੇ ਗਏ ਉਨ੍ਹਾਂ ਦੇ ਤਾਇਨਾਤੀ ਦੇ ਹੁਕਮ ਕਥਿਤ ਤੌਰ ‘ਤੇ ਚੋਣ ਪ੍ਰਕਿਰਿਆ ਦੇ ਮੱਦੇਨਜ਼ਰ ਰੋਕ ਦਿੱਤੇ ਗਏ ਹਨ।

ਸੂਤਰਾਂ ਅਨੁਸਾਰ ਰਾਜ ਪੱਧਰੀ ਤਬਾਦਲਿਆਂ ਵਿੱਚ ਕਰੀਬ 9200 ਜੇਬੀਟੀ ਅਧਿਆਪਕਾਂ ਦੇ ਤਬਾਦਲੇ ਕੀਤੇ ਗਏ ਹਨ। ਇਸ ਸਾਲ ਤਬਾਦਲਾ ਪ੍ਰਕਿਰਿਆ ਤਹਿਤ ਅਧਿਆਪਕਾਂ ਦੇ ਤਬਾਦਲੇ ਦੂਜੇ ਜ਼ਿਲ੍ਹਿਆਂ ਵਿੱਚ ਕਰ ਦਿੱਤੇ ਗਏ ਸਨ। ਹਾਲਾਂਕਿ 16 ਮਾਰਚ ਨੂੰ ਚੋਣ ਕਮਿਸ਼ਨ ਵੱਲੋਂ ਚੋਣ ਜ਼ਾਬਤੇ ਦਾ ਐਲਾਨ ਹੋਣ ‘ਤੇ ਉਨ੍ਹਾਂ ਨੂੰ ਰਾਹਤ ਦੇਣ ਜਾਂ ਜੁਆਇਨ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਕਾਰਨ ਉਨ੍ਹਾਂ ਦੇ ਸ਼ਾਮਲ ਹੋਣ ਨੂੰ ਲੈ ਕੇ ਸੰਕਟ ਖੜ੍ਹਾ ਹੋ ਗਿਆ ਹੈ।

# ਪੰਜਾਬ ਦੇ ਸਕੂਲਾਂ ‘ਚ ਬੱਚਿਆਂ ਨੂੰ ਪੂੜੀਆਂ ਛੋਲੇ ਖਵਾਉਣ ਦੇ ਹੁਕਮ ਤੋਂ ਪਿੱਛੇ ਹਟੀ ਮਾਨ ਸਰਕਾਰ

ਲੋਕ ਬਾਣੀ/ ਚੰਡੀਗੜ੍ਹ

ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਵੱਖ ਵੱਖ ਮੀਡੀਆ ਪਲੇਟਫਾਰਮਾਂ ਤੇ ਸਮੁੱਚੇ ਪੰਜਾਬ ਵਿੱਚ ਕੀਤੇ ਵਿਰੋਧ ਕਾਰਨ ਪੂੜੀ ਕੜਾਹੀ ਵਿੱਚੋਂ ਹਕੀਕੀ ਰੂਪ ਵਿਚ ਭੱਜਣ ਲੱਗ ਪਈ ਹੈ। ਪੰਜਾਬ ਸਰਕਾਰ ਦੇ ਅਦਾਰੇ ਮਿੱਡ ਡੇ ਮੀਲ ਸੋਸਾਇਟੀ ਵੱਲੋਂ ਹਰ ਬੁੱਧਵਾਰ ਗਰਮ??? ਪੁੜੀਆਂ ਮਿੱਡ ਡੇ ਮੀਲ ਵਿੱਚ ਦੇਣ ਤੋਂ ਅਧਿਆਪਕਾਂ ਵਿਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਸੀ।

ਕਿਉਂਕਿ ਇਸ ਦਿਨ ਪੂਰਾ ਸਟਾਫ ਅਤੇ ਵਰਕਰਾ ਖਾਣੇ ਵਿੱਚ ਹੀ ਉਲਝ ਕੇ ਰਹਿ ਜਾਂਦੇ ਸਨ। ਡੀ ,ਟੀ ,ਐੱਫ ,ਦੀ ਸੂਬਾ ਕਮੇਟੀ ਵੱਲੋਂ ਵਿਭਾਗ ਦੇ ਨਾਦਰਸ਼ਾਹੀ ਫੁਰਮਾਨਾਂ ਖਿਲਾਫ਼ ਲਗਾਤਾਰ ਅਵਾਜ਼ ਬੁਲੰਦ ਕੀਤੀ ਜਾ ਰਹੀ ਸੀ, ਵਿਰੋਧ ਦੇ ਚਲਦਿਆਂ ਵਿਭਾਗ ਵੱਲੋਂ ਪਹਿਲੇ ਹੁਕਮਾਂ ਵਿੱਚ ਸੋਧ ਕਰਦਿਆਂ ਮੀਮੋ ਨੰਬਰ ਐਮ, ਡੀ ਐਮ,ਐਸ,/ਜੀ,ਐਮ/2024/84905 ਰਾਹੀਂ ਬੁੱਧਵਾਰ ਵਾਲੇ ਦਿਨ ਪੂੜੀਆਂ ਜਾਂ ਫਿਰ ਰੋਟੀ ਖਵਾਉਣ ਦੇ ਹੁਕਮ ਜਾਰੀ ਕੀਤੇ ਹਨ।



ਜੱਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਦੇਰ ਆਏ ਦਰੁਸਤ ਆਏ ਦੀ ਕਹਾਵਤ ਮੁਤਾਬਕ ਕਿਹਾ ਸਿੱਖਿਆ ਵਿਭਾਗ ਦੇਰ ਬਾਅਦ ਜਾਗਿਆ ਹੈ। ਉਨ੍ਹਾਂ ਕਿਹਾ ਕਿ ਪੂੜੀਆਂ ਕੋਈ ਸਤੁੰਲਿਤ ਭੋਜ਼ਨ ਨਹੀਂ ਸਨ,ਗਰਮ ਪੂੜੀਆਂ ਖਾਣ ਤੋਂ ਬਾਅਦ ਠੰਢਾ ਪਾਣੀ ਪੀਣ ਤੇ ਵਿਦਿਆਰਥੀ ਨੂੰ ਖੰਘ ਜ਼ੁਕਾਮ ਵਰਗੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਸੀ।

ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ , ਪ੍ਰੈਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਟਿੱਪਣੀ ਕਰਦਿਆਂ ਕਿਹਾ ਵਿਭਾਗ ਵੱਲੋਂ ਅਕਸਰ ਜ਼ਮੀਨੀ ਹਕੀਕਤਾਂ ਨੂੰ ਅੱਖੋ ਪਰੋਖੇ ਕਰਕੇ ਗ਼ੈਰ ਜਮਹੂਰੀ ਫੈਸਲੇ ਲਏ ਜਾਂਦੇ ਹਨ, ਜਿਸ ਦਾ ਖਮਿਆਜਾ ਸਮੁੱਚੇ ਅਧਿਆਪਕ ਵਰਗ ਨੂੰ ਭੁਗਤਣਾਂ ਪੈਂਦਾ ਹੈ। ਸੂਬਾ ਵਿੱਤ ਸਕੱਤਰ ਜਸਵਿੰਦਰ ਗੋਨਿਆਣਾ ਨੇ ਇਸ ਨੂੰ ਅਧਿਆਪਕ ਦੇ ਵਿਰੋਧ ਦੀ ਅੰਸ਼ਿਕ ਜਿੱਤ ਕ ?ਰਾਰ ਦਿੰਦਿਆਂ ਸਮੁੱਚੇ ਅਧਿਆਪਕ ਵਰਗ ਨੂੰ ਲੋਕ ਵਿਰੋਧੀ ਅਧਿਆਪਕ ਵਿਰੋਧੀ ਨੀਤੀਆਂ ਖ਼ਿਲਾਫ਼ ਡੱਟਵੀਂ ਲੜਾਈ ਲੜਨ ਦਾ ਸੱਦਾ ਦਿੱਤਾ। ਇਸ ਸਮੇਂ ਸੂਬਾਈ ਆਗੂਆਂ ਰੇਸ਼ਮ ਬਠਿੰਡਾ , ਦਲਜੀਤ ਸਮਰਾਲਾ,ਸੁੱਖਪਾਲ ਜੀਤ ਮੋਗਾ,ਬਲਜਿੰਦਰ ਬਠਿੰਡਾ, ਬਲਰਾਮ ਜ਼ੀਰਾ, ਹਰਭਗਵਾਨ ਗੁਰਨੇ, ਚਰਨਜੀਤ ਕਪੂਰਥਲਾ, ਕਰਮਜੀਤ ਤਾਮਕੋਟ,ਤਲਵਿੰਦਰ ਖਰੌੜ, ਸ਼ਬੀਰ ਖ਼ਾਨ, ਜਗਵਿੰਦਰ ਸਿੰਘ, ਗਗਨ ਪਾਹਵਾ ਮੈਡਮ ਜਗਵੀਰਨ ਕੌਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

Website : www.lokbani.com
lokbani08@gmail.com

# ਸੀਨੀਅਰ ਮੈਡੀਕਲ ਅਫਸਰ (SMO) 50,000 ਰੁਪਏ ਦੀ ਰਿਸ਼ਵਤ ਲੈਂਦਾ ਗ੍ਰਿਫਤਾਰ

**ਲੋਕ ਬਾਣੀ/ ਚੰਡੀਗੜ੍ਹ**

ਚੰਡੀਗੜ੍ਹ- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਬੁੱਧਵਾਰ ਨੂੰ ਸਰਕਾਰੀ ਸਿਵਲ ਹਸਪਤਾਲ ਤਰਨਤਾਰਨ ਵਿਖੇ ਸੀਨੀਅਰ ਮੈਡੀਕਲ ਅਫਸਰ (SMO) ਵਜੋਂ ਤਾਇਨਾਤ ਡਾਕਟਰ ਕੰਵਲਜੀਤ ਸਿੰਘ ਨੂੰ 50,000 ਰੁਪਏ ਦੀ ਰਿਸ਼ਵਤ ਦੀ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੀ.ਸੀ.ਐਮ.ਐਸ. ਡਾਕਟਰ ਨੂੰ ਧਰਮਬੀਰ ਸਿੰਘ ਵਾਸੀ ਗਲੀ ਮਾਤਾ ਲਾਚੋ ਵਾਲੀ, ਨੇੜੇ ਭਗਤ ਨਾਮ ਦੇਵ ਜੀ ਗੁਰਦੁਆਰਾ, ਤਰਨਤਾਰਨ ਸ਼ਹਿਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।




ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਹ ਹਸਪਤਾਲ ਦੇ ਅੰਦਰ ਠੇਕੇ 'ਤੇ ਕੰਟੀਨ ਚਲਾ ਰਿਹਾ ਹੈ ਪਰ ਉਕਤ ਐਸ.ਐਮ.ਓ. ਕੰਟੀਨ ਦੀ ਸਫ਼ਾਈ ਅਤੇ ਖਾਣੇ ਦੀ ਗੁਣਵੱਤਾ ਆਦਿ ਦੇ ਬਹਾਨੇ ਬਣਾਕੇ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ।

ਸ਼ਿਕਾਇਤਕਰਤਾ ਨੇ ਇਹ ਵੀ ਇਲਜ਼ਾਮ ਲਾਇਆ ਕਿ ਐੱਸ.ਐੱਮ.ਓ. ਨੇ ਰਿਸ਼ਵਤ ਦੀ ਰਕਮ ਨਾ ਦੇਣ ਦੀ ਸੂਰਤ ਵਿੱਚ ਕੰਟੀਨ ਦਾ ਠੇਕਾ ਖਤਮ ਕਰਨ ਦੀ ਧਮਕੀ ਵੀ ਦਿੱਤੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਜਾਲ ਵਿਛਾਇਆ ਗਿਆ ਜਿਸ ਵਿੱਚ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਐਸ.ਐਮ.ਓ. ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਫ਼ੌਜ ਅਗਨੀਵੀਰ ਅਤੇ ਪੰਜਾਬ ਪੁਲਿਸ ਦੀ ਭਰਤੀ ਲਈ ਸਰੀਰਕ ਅਤੇ ਲਿਖਤੀ ਪੇਪਰ ਦੀ ਸਿਖਲਾਈ ਲਈ ਮੁਫ਼ਤ ਕੈਂਪ ਸ਼ੁਰੂ

**ਲੋਕ ਬਾਣੀ/ ਗੁਰਦਾਸਪੁਰ, 4 ਅਪ੍ਰੈਲ - ਨਵਨੀਤ ਕੁਮਾਰ -**

ਜ਼ਿਲ੍ਹਾ ਗੁਰਦਾਸਪੁਰ, ਪਠਾਨਕੋਟ ਅਤੇ ਅੰਮ੍ਰਿਤਸਰ ਦੇ ਜੋ ਨੌਜਵਾਨ ਫ਼ੌਜ ਵਿੱਚ ਅਗਨੀਵੀਰ ਅਤੇ ਪੰਜਾਬ ਪੁਲਿਸ ਵਿੱਚ ਭਰਤੀ ਹੋਣ ਦੇ ਇੱਛੁਕ ਹਨ, ਉਨ੍ਹਾਂ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ਟਰੇਨਿੰਗ ਕੈਂਪ ਸ਼ੁਰੂ ਹੋ ਚੁੱਕਾ ਹੈ। ਸੀ-ਪਾਈਟ ਕੈਂਪ ਦੇ ਅਧਿਕਾਰੀ ਸੂਬੇਦਾਰ ਗੁਰਨਾਮ ਸਿੰਘ, ਐਜਡੂਟੈਂਟ/ਟਰੇਨਿੰਗ ਅਫ਼ਸਰ ਨੇ ਦੱਸਿਆ ਕਿ ਫ਼ੌਜ ਵਿੱਚ ਅਗਨੀਵੀਰ ਅਤੇ ਪੰਜਾਬ ਪੁਲਿਸ ਦੀ ਭਰਤੀ ਲਈ ਜਿਨ੍ਹਾਂ ਨੌਜਵਾਨਾਂ ਨੇ ਆਨਲਾਈਨ ਅਪਲਾਈ ਕੀਤਾ ਹੈ, ਉਨ੍ਹਾਂ ਲਈ ਸਰੀਰਕ ਅਤੇ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਸ਼ੁਰੂ ਹੋ ਚੁੱਕੀ ਹੈ, ਜੋ ਕਿ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਨੌਜਵਾਨਾਂ ਦੇ ਰਹਿਣ ਲਈ ਹੋਸਟਲ ਅਤੇ ਵਧੀਆ ਖਾਣੇ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਦਿੱਤਾ ਜਾ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਨੌਜਵਾਨ ਅੱਠਵੀਂ, ਦਸਵੀਂ, ਬਾਰ੍ਹਵੀਂ ਦੇ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਦੀਆਂ ਫ਼ੋਟੋ ਕਾਪੀਆਂ ਦੇ ਨਾਲ ਦੋ ਪਾਸਪੋਰਟ ਸਾਈਜ਼ ਫ਼ੋਟੋਆਂ ਲੈ ਕੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਲਦੀ ਤੋਂ ਜਲਦੀ ਪੁੱਜ ਕੇ ਫ਼ਾਇਦਾ ਉਠਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 6283031125, 9467456808 ਜਾਂ 9417420125 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਬਾ ਗੁਰਦਿੱਤਾ ਪਬਲਿਕ ਸਕੂਲ ਡੂਮੇਵਾਲ ਦਾ ਪੰਜਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ

### ਦਿਲਪ੍ਰੀਤ ਕੌਰ ਨੇ ਪਹਿਲਾ ਸਥਾਨ, ਅਮਨਦੀਪ ਕੌਰ ਨੇ ਦੂਸਰਾ ਅਤੇ ਮੰਨਤਪ੍ਰੀਤ ਕੌਰ ਤੇ ਹਸ਼ਮੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ

**ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 4 ਅਪ੍ਰੈਲ(ਦਵਿੰਦਰਪਾਲ ਸਿੰਘ)**

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪਿਛਲੇ ਦਿਨੀਂ ਪੰਜਵੀਂ ਜਮਾਤ ਦੇ ਨਤੀਜੇ ਘੋਸ਼ਿਤ ਕੀਤੇ ਗਏ ਜਿਸ ਵਿੱਚ ਸਥਾਨਕ ਬਾਬਾ ਗੁਰਦਿੱਤਾ ਪਬਲਿਕ ਸਕੂਲ ਡੂਮੇਵਾਲ ਦਾ ਨਤੀਜਾ 100 ਫੀਸਦੀ ਰਿਹਾ ਇਹ ਜਾਣਕਾਰ ਦਿੰਦੇ ਹੋਏ ਡਾਇਰੈਕਟਰ ਰਾਜਿੰਦਰ ਕਿਸਾਨਾ ਨੇ ਦੱਸਿਆ ਕਿ ਬੋਰਡ ਵਲੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਮਾਰਚ ਵਿੱਚ ਪ੍ਰੀਖਿਆ ਲਈ ਗਈ ਜਿਸ ਦੇ ਨਤੀਜੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਕਤ ਪ੍ਰੀਖਿਆ ਨੂੰ ਲੈ ਕੇ ਜਿੱਥੇ ਵਿਦਿਆਰਥੀਆ ਵਿੱਚ ਕਾਫੀ ਉਤਸ਼ਾਹ ਸੀ ਉਥੇ ਹੀ ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ ਸਕੂਲ ਵਿੱਚ ਪੜ੍ਹਦੇ ਵਿਦਿਆਰਥਣ ਦਿਲਪ੍ਰੀਤ ਕੌਰ ਨੇ ਪਹਿਲਾ ਸਥਾਨ, ਅਮਨਦੀਪ ਕੌਰ ਨੇ ਦੂਸਰਾ ਅਤੇ ਮੰਨਤਪ੍ਰੀਤ ਕੌਰ ਤੇ ਹਸ਼ਮੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਉਹਨਾਂ ਦੱਸਿਆ ਕਿ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ। ਉਨ੍ਹਾਂ ਕਿਹਾ ਕਿ ਇਹ ਸਭ ਉਨ੍ਹਾਂ ਦੇ ਸਕੂਲ ਦੇ ਸਟਾਫ ਦੀ ਮਿਹਨਤ ਦਾ ਨਤੀਜਾ ਹੈ ਜੋ ਕਿ ਬੱਚਿਆਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਸਿੱਖਿਆ ਦੇ ਰਹੇ ਹਨ। ਇਸ ਮੌਕੇ ਮੈਡਮ ਸਿਮਰਨ ਕਿਸਾਨਾ, ਪਿੰਕੀ ਦੇਵੀ, ਰਾਜਵਿੰਦਰ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਰੁਪਿੰਦਰ ਕੌਰ, ਜਸਵੀਰ ਕੌਰ, ਮੀਨਾ ਦੇਵੀ, ਸੰਜੀਵ ਕੁਮਾਰ ਆਦਿ ਹਾਜ਼ਰ ਸਨ।



# ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ ਡਾ ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

## 6 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ

ਲੋਕ ਬਾਣੀ/ ਲੁਧਿਆਣਾ (ਸੁਖਚੈਨ ਮਹਿਰਾ)



ਈਸਾ ਨਗਰੀ ਪੁਲੀ ਨੇੜੇ ਸਥਿਤ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ ਇੱਕ ਵਾਰ ਫਿਰ ਤੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਕੂਲ ਦੇ 6 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।

ਸਕੂਲ ਦੀ ਪ੍ਰਿੰਸੀਪਲ ਮਨੀਸ਼ਾ ਗਾਬਾ ਨੇ ਦੱਸਿਆ ਕਿ ਵੰਸ਼ ਨੇ 96.2 ਫੀਸਦੀ, ਹਰਮਨਪ੍ਰੀਤ ਕੌਰ ਨੇ 95.2 ਫੀਸਦੀ, ਮਨਸਹਿਜ ਨੇ 93.4 ਫੀਸਦੀ, ਵਿਰਾਟ ਨੇ 93 ਫੀਸਦੀ, ਡਿੰਪਲ ਅਤੇ ਕਨਿਕਾ ਨੇ 91.6 ਫੀਸਦੀ ਅਤੇ ਯੋਗਿਕਾ ਨੇ 90.6 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ?

ਇਸਦੇ ਨਾਲ ਹੀ ਸਕੂਲ ਦੇ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਡਾ ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਉਨ੍ਹਾਂ ਸਕੂਲ ਵੱਲੋਂ ਭਵਿੱਖ ਵਿੱਚ ਸ਼ਾਨਦਾਰ ਨਤੀਜੇ ਦੇਣ ਦੀ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਸ੍ਰੀਮਤੀ ਅਮਿਤਾ, ਤਰਨਜੀਤ ਕੌਰ, ਉਪਿੰਦਰ ਕੌਰ, ਨੇਹਾ ਬਜਾਜ, ਹਰਸ਼ ਬਾਲਾ, ਗੁਰਪ੍ਰੀਤ ਕੌਰ, ਸੋਨੀਆ, ਮੰਜੂ ਆਦਿ ਹਾਜ਼ਰ ਸਨ।



# ਰਮਨਦੀਪ ਕੌਰ ਨੇ ਤਹਿਸੀਲਦਾਰ ਖਰੜ ਅਤੇ ਸਬ ਰਜਿਸਟਰਾਰ ਖਰੜ ਦਾ ਅਹੁੱਦਾ ਸੰਭਾਲਿਆ

ਲੋਕ ਬਾਣੀ/ ਖਰੜ,4 ਅਪ੍ਰੈਲ (ਕਾਲਾ ਸਿੰਘ ਸੈਣੀ)

:-ਰਮਨਦੀਪ ਕੌਰ ਨੇ ਤਹਿਸੀਲਦਾਰ ਖਰੜ ਅਤੇ ਸਬ ਰਜਿਸਟਾਰ ਖਰੜ ਵਜੋਂ ਅੱਜ ਅਹੁੱਦਾ ਸੰਭਾਲਿਆ। ਪੰਜਾਬ ਸਰਕਾਰ ਦੇ ਮਾਲ ਵਿਭਾਗ ਵਲੋਂ ਮੁੱਖ ਚੋਣ ਅਫਸਰ ਪੰਜਾਬ ਵਲੋਂ ਦਿੱਤੀ ਗਈ ਪ੍ਰਵਾਨਗੀ ਤੋਂ ਬਾਅਦ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੇ ਕੀਤੇ ਗਏ ਤਬਾਦਲਿਆਂ ਵਿਚ ਕੀਤੇ ਗਏ ਤਹਿਸੀਲਦਾਰ ਰਮਨਦੀਪ ਕੌਰ ਨੇ ਤਹਿਸੀਲਦਾਰ ਖਰੜ ਅਤੇ ਸਬ ਰਜਿਸਟਰਾਰ ਖਰੜ ਦਾ ਵਾਧੂ ਚਾਰਜ਼ ਸੰਭਾਲ ਲਿਆ ਹੈ। ਅੱਜ ਦਫ਼ਤਰ ਪਹੁੰਚਣ ਤੇ ਆਰ.ਸੀ.ਦਵਿੰਦਰ ਸਿੰਘ, ਰੀਡਰ ਪੁਸ਼ਪਿੰਦਰ ਸੂਦ ਅਤੇ ਹੋਰ ਸਟਾਫ ਮੈਂਬਰਾਂ ਵਲੋਂ ਗੁਲਦਸਤਾ ਕੇ ਸਵਾਗਤ ਕੀਤਾ ਗਿਆ ਹੈ। ਉਨ੍ਹਾਂ ਅਹੁੱਦਾ ਸੰਭਾਲਣ ਉਪਰੰਤ ਤਹਿਸੀਲ ਦਫਤਰ ਦੇ ਸਮੂਹ ਸਟਾਫ ਕਰਮਚਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਵਿਕਾਸ ਜੈਨ, ਆਰ ਸੀ ਮਾਜਰੀ ਰਣਵਿੰਦਰ ਸਿੰਘ, ਅਮਨਦੀਪ ਸਿੰਘ, ਏ.ਆਰ.ਸੀ. ਸੰਜੀਵ ਕੁਮਾਰ, ਰਜ਼ਨੀ ਬਾਲਾ ਅਤੇ ਸਿਸੂਪਾਲ ਸਿੰਘ ਸਮੇਤ ਹੋਰ ਸਟਾਫ ਮੈਬਰ ਹਾਜ਼ਰ ਸਨ।

# ਸੀਆਈਏ ਖਰੜ ਵਲੋਂ ਗਨ ਪੁਆਇੰਟ ਦੇ ਲੁੱਟਾਂ ਖੋਹਾਂ ਕਰਨ ਵਾਲੇ ਤਿੰਨ ਨੌਜਵਾਨ ਨਜਾਇਜ਼ ਹਥਿਆਰ ਨਾਲ ਕਾਬੂ

ਲੋਕ ਬਾਣੀ/ ਖਰੜ,4 ਅਪ੍ਰੈਲ (ਕਾਲਾ ਸਿੰਘ ਸੈਣੀ)

ਸੀਆਈਏ ਸਟਾਫ ਮੋਹਾਲੀ ਕੈਂਪ ਐਟ ਖਰੜ ਦੀ ਟੀਮ ਵੱਲੋਂ ਨੂੰ ਉਸ ਸਮੇਂ ਵੱਡੀ ਸਫਲਤਾ ਪ੍ਰਾਪਤ ਕੀਤੀ ਜਦੋਂ ਉਨ੍ਹਾਂ ਨੇ ਖਰੜ ਤੋ ਗਨ ਪੁਆਇੰਟ ਤੇ ਲੁਟਾ ਖੋਹਾ ਅਤੇ ਸਨੈਚਿੰਗ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕਰ ਉਹਨਾਂ ਤੋਂ ਨਜਾਇਜ਼ ਹਥਿਆਰ ਅਤੇ ਲੁਟਿਆ ਸਮਾਨ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਸੀਆਈਏ ਸਟਾਫ ਮੋਹਾਲੀ ਕੈਂਪ ਐਟ ਖਰੜ ਵਿਖੇ ਡਾ. ਜੋਤੀ ਯਾਦਵ ਐਸਪੀ (ਜਾਂਚ ) ਮੋਹਾਲੀ , ਡੀਐਸਪੀ ਹਰਸਿਮਰਤ ਸਿੰਘ ਛੇਤਰਾ ਡੀਐਸਪੀ (ਜਾਂਚ) ਮੋਹਾਲੀ ਵੱਲੋਂ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਸੀਆਈਏ ਸਟਾਫ ਦੀ ਟੀਮ ਖਰੜ ਵਿਖੇ ਕਿਲਾ ਕੰਪਲੈਕਸ ਨੇੜੇ ਮੌਜੂਦ ਸੀ ਕਿ ਏਐਸਆਈ ਅੰਮ੍ਰਿਤਪਾਲ ਸਿੰਘ ਨੂੰ ਮੁਖਬਰ ਖਾਸ ਨੇ ਸੂਚਨਾ ਦਿੱਤੀ ਕਿ ਸੰਤੋਸ਼ ਕੁਮਾਰ ਉਰਫ ਪੰਡਿਤ ਵਾਸੀ ਚੰਡੀਗੜ੍ਹ , ਵਿਕਰਮ ਮਸੀਹ ਉਰਫ ਰਾਜਾ , ਵਿਲੀਅਮ ਮਸੀਹ ਉਰਫ ਕਾਲੀ ਵਾਸੀ ਜਿਲ੍ਹਾ ਗੁਰਦਾਸਪੁਰ ਹਾਲ ਵਾਸੀ ਪਿੰਡ ਮਾਣਕਪੁਰ ਕਲਰ ਜੋ ਕਿ ਆਪਸ ਵਿੱਚ ਮਿਲਕੇ ਲੁੱਟਾਂ ਖੋਹਾਂ ਅਤੇ ਸਨੈਚਿੰਗ ਕਰਦੇ ਹਨ ਜਿਨਾਂ ਨਾਲ ਇਹਨਾਂ ਦੇ ਹੋਰ ਸਾਥੀ ਵੀ ਸ਼ਾਮਿਲ ਹਨ। ਜਿਨਾਂ ਕੋਲ ਨਜਾਇਜ ਹਥਿਆਰ ਵੀ ਹਨ।



ਉਕਤ ਵਿਅਕਤੀਆਂ ਵੱਲੋਂ ਨਜਾਇਜ਼ ਹਥਿਆਰਾਂ ਦੀ ਨੋਕ ਤੇ ਖਰੜ ,ਮੋਹਾਲੀ ,ਜੀਰਕਪੁਰ ਖੇਤਰ ਵਿੱਚ ਵੱਖ-ਵੱਖ ਲੁੱਟਾਂ ਖੋਹਾਂ ਨੂੰ ਅੰਜਾਮ ਦਿੱਤਾ ਹੈ ਨੂੰ ਕਾਬੂ ਕੀਤਾ ਜਾ ਸਕਦਾ ਹੈ ਜਿਸ ਤੇ ਪੁਲਿਸ ਪਾਰਟੀ ਨੇ ਉਕਤ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਕਥਿਤ ਦੋਸ਼ੀਆਂ ਦੇ ਖਿਲਾਫ ਪੁਲਿਸ ਥਾਣਾ ਸਿਟੀ ਖਰੜ ਵਿੱਚ ਬੀਤੇ ਦਿਨੀ ਆਈਪੀਸੀ ਦੀ ਧਾਰਾ 379 ਬੀ, 411,34 ਤੇ ਆਰਮਸ ਐਕਟ ਦੀ ਧਾਰਾ 25,54,59 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਕਾਬੂ ਕੀਤੇ ਕਥਿਤ ਦੋਸ਼ੀਆਂ ਵੱਲੋਂ ਹੁਣ ਤੱਕ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਉਹਨਾਂ ਦੱਸਿਆ ਕਿ ਉਕਤ ਵਿਅਕਤੀਆਂ ਕੋਲੋਂ ਦੇਸੀ ਪਿਸਤੌਲ.315 ਦੋ ਕਾਰਤੂਸ, ਇੱਕ ਦੇਸੀ ਪਿਸਤੌਲ .12 ਤਿੰਨ ਕਾਰਤੂਸ, ਇੱਕ ਬੁਲਟ ਮੋਟਰਸਾਈਕਲ ,ਇਕ ਐਕਟੀਵਾ, ਇੱਕ ਆਟੋ,4 ਮੋਬਾਇਲ ਫੋਨ ਤੇ ਇਕ ਚੈਨ ਸੋਨਾ ,ਇੱਕ ਮੁੰਦਰੀ ਸੋਨਾ ਤੇ ਇੱਕ ਹੀਰੇ ਦੀ ਮੁੰਦਰੀ ਬਰਾਮਦ ਹੋਏ ਹਨ। ਉਹਨਾਂ ਦੱਸਿਆ ਕਿ ਉਕਤ ਵਿਅਕਤੀਆਂ ਕੋਲੋਂ ਬਰੀਕੀ ਨਾਲ ਪੁੱਛ ਗਿੱਛ ਚੱਲ ਰਹੀ ਤਾਂ ਜੋ ਇਹਨਾਂ ਦੇ ਹੋਰ ਗਰੋ ਮੈਂਬਰਾਂ ਬਾਰੇ ਪਤਾ ਲਗਾਇਆ ਜਾ ਸਕੇ ।

# ਈਟੀਟੀ 5994 ਭਰਤੀ ਸਬੰਧੀ ਹਾਈਕੋਰਟ ਨੇ ਫੈਸਲਾ ਰਾਖਵਾਂ ਰੱਖਿਆ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ 4 ਅਪ੍ਰੈਲ (ਦਵਿੰਦਰਪਾਲ ਸਿੰਘ):

ਈਟੀਟੀ ਕਾਡਰ ਦੀ 5994 ਭਰਤੀ ਸਬੰਧੀ ਵੀਰਵਾਰ ਨੂੰ ਮਾਨਯੋਗ ਪੰਜਾਬ ਤੇ



ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ। ਜਿਸ ਦੌਰਾਨ ਜੱਜ ਸਾਹਿਬਾਨ ਨੇ ਦੋਨੋਂ ਧਿਰਾਂ ਦੇ ਪੱਖ ਸੁਣਨ ਉਪਰੰਤ ਫਿਲਹਾਲ ਫੈਸਲਾ ਰਾਖਵਾਂ ਰੱਖ ਲਿਆ ਹੈ। ਇਸ ਮੌਕੇ ਯੂਨੀਅਨ ਆਗੂਆਂ ਨੇ ਸਕੂਲੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿੱਤੇ ਗਏ ਵਿਸ਼ੇਸ਼ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।ਮਾਨਯੋਗ ਹਾਈਕੋਰਟ ਦੀ ਸੁਣਵਾਈ ਬਾਰੇ ਹੋਰ ਜਾਣਕਾਰੀ ਦਿੰਦਿਆਂ ਸੂਬਾ ਕਮੇਟੀ ਮੈਂਬਰ ਬਲਿਹਾਰ ਬੱਲੀ, ਪਰਮਪਾਲ ਫਾਜਿਲਕਾ, ਬੱਗਾ ਖੁਡਾਲ, ਬੰਟੀ, ਹਰੀਸ਼, ਕੁਲਵਿੰਦਰ ਬਰੇਟਾ, ਰਮੇਸ਼ ਅਬੋਹਰ, ਜਸਪ੍ਰੀਤ ਬਿੱਲਾ, ਲਵਪ੍ਰੀਤ ਦੰਦੀਵਾਲ ਤੇ ਆਦਰਸ਼ ਕੁਮਾਰ ਨੇ ਦੱਸਿਆ ਕਿ ਮਾਨਯੋਗ ਹਾਈਕੋਰਟ ਵਿੱਚ ਲਗਭਗ ਤਿੰਨ ਘੰਟੇ ਤੱਕ ਚੱਲੀ ਲੰਬੀ ਸੁਣਵਾਈ ਦੌਰਾਨ ਦੋਨੋਂ ਧਿਰਾਂ ਦੇ ਪੱਖ ਬਹੁਤ ਹੀ ਧਿਆਨ ਨਾਲ ਸੁਣੇ ਗਏ। ਜਿਸ ਤੋਂ ਬਾਅਦ ਫੈਸਲਾ ਰਾਖਵਾਂ ਰੱਖਿਆ ਗਿਆ ਹੈ। ਜਿਸ ਨੂੰ ਜਲਦ ਹੀ ਜੱਜ ਸਾਹਿਬਾਨ ਵੱਲੋਂ ਸੁਣਾਅ ਦਿੱਤਾ ਜਾਵੇਗਾ। ਉਕਤ ਭਰਤੀ ਨੂੰ ਮਾਨਯੋਗ ਹਾਈਕੋਰਟ ਵਿੱਚੋਂ ਬਾਹਰ ਕਢਵਾਉਣ ਲਈ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਹਮੇਸ਼ਾ ਹੀ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਸਿੱਖਿਆ ਮੰਤਰੀ ਵੱਲੋਂ ਸਮੇਂ-ਸਮੇਂ 'ਤੇ ਲੋੜੀਂਦੇ ਦਸਤਾਵੇਜ ਮੁਹੱਈਆ ਕਰਵਾਏ ਗਏ। ਜਿਸ ਕਾਰਨ ਅੱਜ ਉਮੀਦਵਾਰਾਂ ਨੂੰ ਕੁਝ ਰਾਹਤ ਮਿਲ ਸਕੀ ਹੈ। ਉਹਨਾਂ ਆਖਿਆ ਕਿ ਸਿੱਖਿਆ ਮੰਤਰੀ ਨੇ ਨਿੱਜੀ ਰੁਚੀ ਲੈਂਦੇ ਹੋਏ ਐਡਵੋਕੇਟ ਜਨਰਲ ਪੰਜਾਬ ਨਾਲ ਯੂਨੀਅਨ ਆਗੂਆਂ ਦੀ ਮੀਟਿੰਗ ਕਰਵਾਈ ਤਾਂ ਜੋ ਮਾਨਯੋਗ ਹਾਈਕੋਰਟ ਦੀ ਸੁਣਵਾਈ ਦੌਰਾਨ ਪੁਖਤਾ ਦਸਤਾਵੇਜ ਪੇਸ਼ ਕੀਤੇ ਜਾ ਸਕਣ।

# ਆਕਸਫੋਰਡ ਈਐਲਟੀਟੀ ਨੇ ਏਕੀਕ੍ਰਿਤ ਵਿਦਿਆਰਥੀ-ਕੇਂਦ੍ਰਿਤ ਬ੍ਰਾਂਡ ਮੁਹਿੰਮ ਦੀ ਸ਼ੁਰੂਆਤ ਕੀਤੀ : ਆਲ ਅਬਾਊਟ ਯੂ




ਲੋਕ ਬਾਣੀ

ਲੁਧਿਆਣਾ : ਆਕਸਫੋਰਡ ਇੰਗਲਿਸ਼ ਲੈਂਗੁਏਜ ਲੈਵਲ ਟੈਸਟ , ਇੱਕ ਪ੍ਰਮੁੱਖ ਅੰਗਰੇਜ਼ੀ ਭਾਸ਼ਾ ਟੈਸਟਿੰਗ ਪ੍ਰਦਾਤਾ, Oxford ਇੰਟਰਨੈਸ਼ਨਲ ਐਜੂਕੇਸ਼ਨ ਗਰੁੱਪ ਦਾ ਹਿੱਸਾ ਹੈ, ਜਿਸ ਨੇ ਅੱਜ ਆਪਣੀ ਨਵੀਨਤਮ, ਏਕੀਕ੍ਰਿਤ ਵਿਦਿਆਰਥੀ ਕੇਂਦਰਿਤ ਬਰੈਂਡ ਮੁਹਿੰਮ - ਆਲ ਅਬਾਊਟ ਯੂ ਸ਼ੁਰੂ ਕੀਤੀ।। ਢੁਕਵੇਂ ਸਿਰਲੇਖ ਨਾਲ, ਇਸ ਮੁਹਿੰਮ ਦਾ ਉਦੇਸ਼ ਸਹੀ ਭਾਸ਼ਾ ਟੈਸਟਿੰਗ ਹੱਲ ਸਾਂਝੇਦਾਰ ਦੀ ਚੋਣ ਕਰਕੇ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਆਪਣੇ ਹੱਥਾਂ ਵਿੱਚ ਲੈਣ ਲਈ ਸ਼ਕਤੀ ਪ੍ਰਦਾਨ ਕਰਨਾ ਹੈ। 1 ਅਪ੍ਰੈਲ 2024 ਤੋਂ ਲਾਈਵ ਹੋਣ ਲਈ ਤਿਆਰ, ਇਸ ਏਕੀਕ੍ਰਿਤ ਮੁਹਿੰਮ ਵਿੱਚ ਡਿਜੀਟਲ ਅਤੇ ਆਊਟਡੋਰ ਸ਼ਾਮਲ ਹੋਣਗੇ । ਇਹ ਮੁਹਿੰਮ ਮੁੱਖ APAC ਬਾਜ਼ਾਰਾਂ - ਭਾਰਤ, ਚੀਨ, ਪਾਕਿਸਤਾਨ ਅਤੇ ਨੇਪਾਲ ਵਿੱਚ ਲਾਈਵ ਹੋਵੇਗੀ।

ਆਕਸਫੋਰਡ ਈਐਲਟੀਟੀ ਦੇ ਟੈਸਟਿੰਗ ਹੱਲਾਂ ਦੇ ਵੱਖ-ਵੱਖ ਵਿਲੱਖਣ ਲਾਭਾਂ ਨੂੰ ਸਾਹਮਣੇ ਲਿਆਉਂਦੀ ਹੈ ਜੋ ਪਹੁੰਚਯੋਗ , ਪ੍ਰਵੇਗਿਤ , ਮਾਨਤਾ ਪ੍ਰਾਪਤ ਅਤੇ ਸਟੀਕ ਹਨ । ਇਹ ਮੁਹਿੰਮ Oxford ELLT ਦੀ ਭਾਸ਼ਾ ਟੈਸਟਿੰਗ ਅਨੁਭਵ ਪ੍ਰਦਾਨ ਕਰਨ ਦੀ ਪੇਸ਼ਕਸ਼ ਨੂੰ ਉਜਾਗਰ ਕਰਦੀ ਹੈ ਜੋ ਕਿ ਪਹੁੰਚਯੋਗ ਅਤੇ ਲਚਕਦਾਰ ਹੈ, ਜਿਸ ਨਾਲ ਵਿਅਕਤੀਆਂ ਨੂੰ ਉਹਨਾਂ ਦੀ ਭਾਸ਼ਾ ਦੀ ਮੁਹਾਰਤ ਦੀ ਯਾਤਰਾ 'ਤੇ ਕੰਟਰੋਲ ਕਰਨ ਦੇ ਯੋਗ ਬਣਾਇਆ ਜਾਂਦਾ ਹੈ। ਐਕਸਲਰੇਟਿਡ ਟੈਸਟਿੰਗ ਵਿਕਲਪਾਂ ਦੀ ਪੇਸ਼ਕਸ਼ ਕਰਦੇ ਹੋਏ, ਆਕਸਫੋਰਡ ਈਐਲਟੀਟੀ 48 ਘੰਟਿਆਂ ਦੇ ਅੰਦਰ ਤੇਜ਼ ਨਤੀਜਿਆਂ ਨੂੰ ਯਕੀਨੀ ਬਣਾਉਂਦਾ ਹੈ, ਵਿਅਕਤੀਆਂ ਨੂੰ ਉੱਚ ਸਿੱਖਿਆ ਦੇ ਸਫ਼ਰ 'ਤੇ ਤੇਜ਼ੀ ਨਾਲ ਤਰੱਕੀ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਵਿਸ਼ਵ ਪੱਧਰ 'ਤੇ 135 ਯੂਨੀਵਰਸਿਟੀਆਂ ਦੁਆਰਾ ਮਾਨਤਾ ਪ੍ਰਾਪਤ ਇਹ ਮੁਹਿੰਮ ਆਕਸਫੋਰਡ ਈਐਲਟੀਟੀ ਦੇ ਅੱਪਡੇਟ ਕੀਤੇ ਟੈਸਟਾਂ ਦੇ ਨਾਲ ਸ਼ੁੱਧਤਾ ਪ੍ਰਤੀ ਸਮਰਪਣ ਨੂੰ ਵੀ ਉਜਾਗਰ ਕਰਦੀ ਹੈ, ਜੋ ਕਿ ਏਆਈ ਅਤੇ ਇੱਕ ਮਨੁੱਖੀ ਪ੍ਰੋਕਟਰਿੰਗ ਪ੍ਰਣਾਲੀ ਦੁਆਰਾ ਅਧਾਰਤ ਹੈ, ਜੋ ਟੈਸਟ ਦੇਣ ਵਾਲਿਆਂ ਲਈ ਇੱਕ ਭਰੋਸੇਮੰਦ ਅਤੇ ਸੁਰੱਖਿਅਤ ਟੈਸਟਿੰਗ ਮਾਹੌਲ ਪ੍ਰਦਾਨ ਕਰਦਾ ਹੈ।

ਮੁਹਿੰਮ 'ਤੇ ਟਿੱਪਣੀ ਕਰਦੇ ਹੋਏ, ਅਮਿਤ ਉਪਾਧਿਆਏ, ਖੇਤਰੀ ਨਿਰਦੇਸ਼ਕ - ਦੱਖਣੀ ਏਸ਼ੀਆ, ਆਕਸਫੋਰਡ ਇੰਟਰਨੈਸ਼ਨਲ ਐਜੂਕੇਸ਼ਨ ਗਰੁੱਪ ਨੇ ਕਿਹਾ, ਸਾਡਾ ਮੰਨਣਾ ਹੈ ਕਿ ਭਾਸ਼ਾ ਦੀ ਮੁਹਾਰਤ ਇੱਕ ਨਿੱਜੀ ਯਾਤਰਾ ਹੈ, ਅਤੇ 'ਆਲ ਅਬਾਊਟ ਯੂ'ਸਾਡੀਆਂ ਸੇਵਾਵਾਂ ਨੂੰ ਹਰੇਕ ਵਿਅਕਤੀ ਦੀਆਂ ਵਿਲੱਖਣ ਇੱਛਾਵਾਂ ਅਨੁਸਾਰ ਤਿਆਰ ਕਰਨ ਦੇ ਸਾਡੇ ਸਮਰਪਣ ਦਾ ਪ੍ਰਮਾਣ ਹੈ। ਸਾਡੇ ਟੈਸਟਿੰਗ ਵਿੱਚ ਲਚਕਤਾ, ਗਤੀ, ਭਰੋਸੇਯੋਗਤਾ, ਅਤੇ ਸ਼ੁੱਧਤਾ ਦੀ ਪੇਸ਼ਕਸ਼ ਕਰਕੇ, ਅਸੀਂ ਟੈਸਟ ਦੇਣ ਵਾਲਿਆਂ ਨੂੰ ਉਨ੍ਹਾਂ ਦੀ ਵਿਦੇਸ਼ ਵਿੱਚ ਉੱਚ ਸਿੱਖਿਆ ਯਾਤਰਾ ਨੂੰ ਭਰੋਸੇ ਨਾਲ ਨਿਯੰਤਰਣ ਕਰਨ ਲਈ ਸ਼ਕਤੀ ਪ੍ਰਦਾਨ ਕਰਦੇ ਹਾਂ। ਅਸੀਂ ਸਾਵਧਾਨੀ ਨਾਲ ਇੱਕ ਪਲੇਟਫਾਰਮ ਤਿਆਰ ਕੀਤਾ ਹੈ ਜੋ ਨਾ ਸਿਰਫ਼ ਸਹੀ, ਅਤੇ ਤੇਜ਼ ਨਤੀਜੇ ਪ੍ਰਦਾਨ ਕਰਦਾ ਹੈ ਬਲਕਿ ਸਾਰੇ ਪਿਛੋਕੜ ਵਾਲੇ ਸਿਖਿਆਰਥੀਆਂ ਲਈ ਪਹੁੰਚਯੋਗਤਾ ਨੂੰ ਵੀ ਯਕੀਨੀ ਬਣਾਉਂਦਾ ਹੈ।"

# ਮਦਰ ਕਾਸ਼ਨੀ ਮੰਡਲ ਵੱਲੋਂ ਸ਼੍ਰੀਮਤ ਭਾਗਵਤ ਸਪਤਾਹ ਜਾਰੀ

ਲੋਕ ਬਾਣੀ/ ਕੋਟ ਈਸੇ ਖਾਂ, 4 ਅਪ੍ਰੈਲ (ਅਰੋੜਾ)



ਮਧੁਰ ਕਾਰਸ਼ਨੀ ਮੰਡਲ ਕੋਟ ਈਸੇ ਖਾਂ ਵੱਲੋਂ ਪ੍ਰਾਚੀਨ ਸ਼ਿਵ ਬਾਉਲੀ ਮੰਦਰ ਮਸੀਤਾਂ ਰੋਡ ਵਿਖੇ ਚੱਲ ਰਹੇ ਸ੍ਰੀ ਭਾਗਵਤ ਸਪਤਾਹ ਭਗਤੀ ਗਿਆਨ ਜਗ ਕਥਾ ਰਸ ਵਰਸਣ ਦੇ ਚੌਥੇ ਦਿਨ ਸ੍ਰੀ ਕ੍ਰਿਸ਼ਨ ਜਨਮ ਉਤਸਵ ਪੂਰੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ।ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਪੁੱਜ ਕੇ ਆਪਣੀ ਹਾਜ਼ਰੀ ਲਗਵਾਈ ਅਤੇ ਭਜਨ ਮੰਡਲੀ ਨੇ ਭਗਵਾਨ ਸ੍ਰੀ ਕ੍ਰਿਸ਼ਨ ਨਾਲ ਸੰਬੰਧਿਤ ਭਜਨ ਭੇਟਾਵਾਂ ਗਾ ਕੇ ਪੁੱਜੇ ਹੋਏ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਹਨਾਂ ਸਮਾਗਮਾਂ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸਵਾਮੀ ਸ਼੍ਰੀ ਰਜਨੀਸ਼ ਨੰਦ ਜੀ ਮਹਾਰਾਜ ਵਰਿੰਦਾਵਨ ਵਾਲਿਆਂ ਵੱਲੋਂ ਸ਼੍ਰੀਮਤ ਭਾਗਵਤ ਕਥਾ ਕਰਕੇ ਸ਼ਰਧਾਲੂਆਂ ਨੂੰ ਧਰਮ ਦੇ ਰਸਤੇ ਤੇ ਚੱਲਣ ਦੀ ਸੇਧ ਦਿੱਤੀ। ਇਸ ਮੌਕੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਦੱਸਿਆ ਕਿ ਇਸ ਸਪਤਾਹ ਦੇ ਪੰਜਵੇਂ ਦਿਨ ਸ੍ਰੀ ਗਵਰਧਨ ਪੂਜਾ ਕਰਵਾਈ ਜਾਵੇਗੀ। ਸੇਵਾਦਾਰਾਂ ਦੱਸਿਆ ਕਿ ਇਸ ਸਪਤਾਹ ਵਿੱਚ ਸਾਰੇ ਦਿਨ ਕਥਾ 3-30 ਵਜੇ ਤੋਂ ਸ਼ਾਮ 6-30 ਵਜੇ ਤੱਕ ਚੱਲ ਰਹੀ ਹੈ। ਉਨਾਂ ਨੇ ਸਮੂਹ ਭਗਤ ਜਣਾਂ ਨੂੰ ਅਪੀਲ ਕੀਤੀ ਕਿ ਬਾਕੀ ਰਹਿੰਦੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਗਿਣਤੀ ਨਾਲ ਪਹੁੰਚ ਕੇ ਲਾਹਾ ਲੈਣ ਤੇ ਆਪਣਾ ਜੀਵਨ ਸਫਲ ਬਣਾਉਣ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਸੋਮੇਟ ਐਜੂਕੇਸ਼ਨ ਫਾਊਂਡੇਸ਼ਨ ਇੰਡੀਅਨ ਟੇਲੈਂਟ ਡਿਵੈਲਪਮੈਂਟ ਇਨੀਸ਼ੀਏਟਿਵ ਨੂੰ ਵਿਕਸਤ ਕਰਨ ਲਈ ਐਕੋਰ ਨਾਲ ਭਾਈਵਾਲੀ ਕਰਦਾ ਹੈ

ਲੋਕ ਬਾਣੀ

ਚੰਡੀਗੜ੍ਹ : ਇੰਡੀਅਨ ਸਕੂਲ ਆਫ਼ ਹੋਸਪਿਟੈਲਿਟੀ ਅਤੇ ਸੋਮੇਟ ਐਜੂਕੇਸ਼ਨ ਨੇ ਭਾਰਤੀ ਪ੍ਰਤਿਭਾ ਵਿਕਾਸ ਪਹਿਲਕਦਮੀ ਲਈ, ਪ੍ਰਾਹੁਣਚਾਰੀ ਵਿੱਚ ਗਲੋਬਲ ਲੀਡਰ, ਐਕੋਰ ਨਾਲ ਆਪਣੀ ਭਾਈਵਾਲੀ ਦਾ ਐਲਾਨ ਕੀਤਾ ਹੈ। ਤਿੰਨ ਸਾਲਾਂ ਦੀ ਸਾਂਝੇਦਾਰੀ ਨੂੰ ਬੇਂਗਲੁਰੂ ਵਿੱਚ ਆਯੋਜਿਤ 19ਵੀਂ ਹੋਟਲ ਇਨਵੈਸਟਮੈਂਟ ਕਾਨਫਰੰਸ ਐਚਆਈਸੀਐਸਏ 2024 ਦੌਰਾਨ ਅਧਿਕਾਰਤ ਕੀਤਾ ਗਿਆ ਸੀ। ਇਸ ਪਹਿਲਕਦਮੀ ਦੇ ਤਹਿਤ, ਸੋਮੇਟ ਐਜੂਕੇਸ਼ਨ ਫਾਉਂਡੇਸ਼ਨ ਅਤੇ ਐਕੋਰ ਆਈਐਸਐਚ ਦੇ ਇੰਟੈਂਸਿਵ ਕੁਲੀਨਰੀ ਆਰਟਸ ਪ੍ਰੋਗਰਾਮ ਅਤੇ ਇੰਟੈਂਸਿਵ ਪੇਸਟਰੀ ਅਤੇ ਬੇਕਰੀ ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਘੱਟ ਸੇਵਾ ਵਾਲੇ ਭਾਈਚਾਰਿਆਂ ਦੇ 16 ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਸਪਾਂਸਰ ਕਰਨਗੇ। ਹਰੇਕ ਦਾਖਲੇ ਵਿੱਚ 5 ਤੋਂ 6 ਵਿਦਿਆਰਥੀ ਸ਼ਾਮਲ ਹੋਣਗੇ ।

ਇੰਡੀਅਨ ਸਕੂਲ ਆਫ ਹੋਸਪਿਟੈਲਿਟੀ ਦੇ ਸਹਿ-ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਕੁਨਾਲ ਵਾਸੂਦੇਵਾ ਨੇ ਕਿਹਾ ਕਿ ਇਨ੍ਹਾਂ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਹੌਸਪਿਟੈਲਿਟੀ ਮੈਨੇਜਰਾਂ ਦੇ ਰੂਪ ਵਿੱਚ ਵਿਕਸਤ ਕਰਨ ਲਈ ਉੱਚ ਪੱਧਰੀ ਸਿਖਲਾਈ ਅਤੇ ਸ਼ਾਨਦਾਰ ਸਿਖਲਾਈ ਪ੍ਰਦਾਨ ਕਰੇਗਾ ਜੋ ਪਰਾਹੁਣਚਾਰੀ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਤ ਕਰਨਗੇ। ਇਸ ਸੈਕਟਰ ਦੇ ਭਵਿੱਖ ਨੂੰ ਨਵਾਂ ਆਯਾਮ ਦੇਵੇਗਾ।




ਮਸ਼ਹੂਰ ਵਿਦਿਅਕ ਸੰਸਥਾਵਾਂ ਜਿਵੇਂ ਕਿ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਰਸੋਈ ਸਕੂਲ ਏਕੋਲੇ ਡੁਕਾਸ, ਫਰਾਂਸ ਅਤੇ ਲੇਸ ਰੋਚਸ, ਸਵਿੱਟਜਰਲੈਂਡ ਦੇ ਨਾਲ ਸਾਂਝੇਦਾਰੀ ਵਿੱਚ ਆਪਣੇ ਪ੍ਰਾਹੁਣਚਾਰੀ ਪ੍ਰਬੰਧਨ ਅਤੇ ਰਸੋਈ ਕਲਾ ਪ੍ਰੋਗਰਾਮਾਂ ਨਾਲ ਇੱਕ ਵਿਸ਼ੇਸ਼ ਨਾਮਣਾ ਖੱਟਿਆ ਹੈ। ਸੋਮੇਟ ਐਜੂਕੇਸ਼ਨ ਦੇ 10 ਦੇਸ਼ਾਂ ਵਿੱਚ 20 ਕੈਂਪਸਾਂ ਦੇ ਗਲੋਬਲ ਨੈਟਵਰਕ ਦੇ ਨਾਲ, ਆਈਐਸਐਚ ਵਿਦਿਆਰਥੀਆਂ ਨੂੰ ਪਰਾਹੁਣਚਾਰੀ ਉਦਯੋਗ ਵਿੱਚ ਪ੍ਰਭਾਵਸ਼ਾਲੀ ਆਗੂ ਬਣਨ ਲਈ ਸਮਰੱਥ ਬਣਾਉਣ ਲਈ ਵਚਨਬੱਧ ਹੈ। ਸਮੇਟ ਐਜੂਕੇਸ਼ਨ ਅਤੇ ਐਕੋਰ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ, ਰੁਜ਼ਗਾਰ ਦੇ ਪਾੜੇ ਨੂੰ ਬੰਦ ਕਰਨ ਅਤੇ ਪਛੜੇ ਭਾਈਚਾਰਿਆਂ ਦੇ ਨੌਜਵਾਨਾਂ ਨੂੰ ਸਸ਼ਕਤੀਕਰਨ ਕਰਨ ਲਈ ਵਚਨਬੱਧ ਹਨ ਤਾਂ ਜੋ ਉਹ ਪ੍ਰਾਹੁਣਚਾਰੀ ਖੇਤਰ ਵਿੱਚ ਕਰੀਅਰ ਬਣਾਉਣ ਵਿੱਚ ਮਦਦ ਕਰ ਸਕਣ। ਇੰਡੀਅਨ ਟੇਲੈਂਟ ਡਿਵੈਲਪਮੈਂਟ ਇਨੀਸ਼ੀਏਟਿਵ ਦੀ ਸ਼ੁਰੂਆਤ ਭਾਰਤ ਵਿੱਚ ਸਮਾਜਿਕ ਬਰਾਬਰੀ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੋਮੇਟ ਐਜੂਕੇਸ਼ਨ, ਆਈਐਸਐਚ ਅਤੇ ਐਕੋਰ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਇਹ ਵਿਲੱਖਣ ਪਹਿਲਕਦਮੀ ਭਾਰਤ ਦੇ ਪ੍ਰਾਹੁਣਚਾਰੀ ਖੇਤਰ ਲਈ ਵਿਕਾਸ ਅਤੇ ਸੰਭਾਵਨਾਵਾਂ ਦੇ ਨਵੇਂ ਰਾਹ ਤਿਆਰ ਕਰੇਗੀ।

## ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਲਿਆ ਵੋਟਰ ਪ੍ਰਣ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 4 ਅਪ੍ਰੈਲ(ਦਵਿੰਦਰਪਾਲ ਸਿੰਘ):

ਡਾ ਪ੍ਰੀਤੀ ਯਾਦਵ ਜਿਲ੍ਹਾ ਚੋਣਕਾਰ ਅਫਸਰ ਕਮ ਡਿਪਟੀ ਕਮਿਸ਼ਨਰ



ਰੂਪਨਗਰ ਅਤੇ ਰਾਜਪਾਲ ਸਿੰਘ ਸਹਾਇਕ ਚੋਣਕਾਰ ਅਫਸਰ ਕੰਮ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਅੱਜ ਐਸਜੀਐਸ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਵੋਟਰ ਪ੍ਰਣ ਲਿਆ। ਸਵੀਪ ਨੋਡਲ ਅਫ਼ਸਰ ਰਣਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਮੌਕੇ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਵੱਲੋਂ ਵਿਦਿਆਰਥੀਆਂ ਨੂੰ ਵੋਟ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ ਅਤੇ ਆਗਾਮੀ ਲੋਕ ਸਭਾ ਵੋਟਾਂ ਵਿੱਚ ਆਪਣੇ ਮਾਤਾ ਪਿਤਾ ਅਤੇ ਆਪਣੇ ਆਂਢ ਗੁਆਂਢ ਦੇ ਲੋਕਾਂ ਨੂੰ ਵੋਟ ਪਾਉਣ ਦੇ ਲਈ ਜਾਗਰੂਕ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਵੀਪ ਨੋਡਲ ਅਫਸਰ ਰਣਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਨਾਂ ਕਿਸੇ ਲੋਭ, ਲਾਲਚ, ਜਾਤ-ਪਾਤ, ਭਾਸ਼ਾ ਅਤੇ ਧਰਮ ਦੇ ਪ੍ਰਭਾਵ ਤੋਂ ਬਿਨਾਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉੱਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਵੋਟਰ ਪ੍ਰਣ ਵੀ ਲਿਆ।

## ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਵਿਸ਼ੇਸ਼ ਮੀਟਿੰਗ ਹੋਈ

ਲੋਕ ਬਾਣੀ/ ਕੋਟ ਈਸੇ ਖਾਂ, 4 ਅਪ੍ਰੈਲ ( ਅਰੋੜਾ )

ਬਲਾਕ ਕੋਟ ਈਸੇ ਖਾਂ ਵਿਖੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਗਰੁੱਪ ਦੀ ਮੀਟਿੰਗ ਬਲਾਕ ਪ੍ਰਧਾਨ ਪਿਸ਼ੋਰਾ ਸਿੰਘ ਮੁੰਡੀ ਜਮਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਜੀ ਕਾਰਵਾਈ ਬਲਾਕ ਜਨਰਲ ਸਕੱਤਰ ਪ੍ਰਤਾਪ ਸਿੰਘ ਨੇ ਚਲਾਈ। ਮੀਟਿੰਗ ਵਿੱਚ ਬੀਕੇਯੂ ਲੱਖੋਵਾਲ ਕੋਟ ਈਸੇ ਖਾਂ ਦੀ ਅਗਵਾਈ ਵਿੱਚ ਬਲਾਕ ਪ੍ਰਧਾਨ ਪਿਸ਼ੋਰਾ ਸਿੰਘ ਮੁੰਡੀ ਜਮਾਲ, ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਕਾਦਰ ਵਾਲਾ, ਸੂਬਾ ਮੀਤ ਪ੍ਰਧਾਨ ਮੋਹਣ ਸਿੰਘ ਜੀਂਦੜਾ, ਬਲਾਕ ਪ੍ਰਧਾਨ ਕੁਲਵੰਤ ਸਿੰਘ ਮੁੰਡੀ ਜਮਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮੇਂ ਪ੍ਰਧਾਨ ਪਿਸ਼ੋਰਾ ਸਿੰਘ ਨੇ ਕਿਹਾ ਕਿ ਕਣਕ ਦੀ ਫਸਲ ਦੀ ਕਟਾਈ ਲਗਭਗ 15-20 ਦਿਨਾਂ ਵਿੱਚ ਸ਼ੁਰੂ ਹੋ ਜਾਣੀ ਹੈ ਤੇ ਬਿਜਲੀ ਪ੍ਰਸ਼ਾਸਨ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਜੋ ਖੇਤਾਂ ਵਿੱਚ ਬਿਜਲੀ ਦੀਆਂ ਢਿੱਲੀਆਂ ਤਾਰਾਂ ਹਨ, ਨਾਲੇ ਜਿਹੜੇ ਟਰਾਂਸਫਾਰਮਰ ਲੀਕ ਹੋ ਰਹੇ ਹਨ ਜਾਂ ਸਪਾਰਕ ਕਰ ਰਹੇ ਹਨ, ਉਹਨਾਂ ਨੂੰ ਚੈੱਕ ਕਰਕੇ ਠੀਕ ਕਰ ਦਿੱਤਾ ਜਾਵੇ ਤਾਂ ਜੋ ਕਿਸੇ ਵੀ ਜਿਮੀਦਾਰ ਦੀ ਫਸਲ ਦਾ ਨੁਕਸਾਨ ਨਾ ਹੋਵੇ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਚੋਣਾਂ ਦੇ ਮੱਦੇ ਨਜ਼ਰ ਜੋ ਅਸਲਾ ਜਮ੍ਹਾਂ ਕਰਵਾਉਣ ਲਈ ਕਿਹਾ ਹੈ, ਉਸ ਫੈਸਲੇ ਉੱਪਰ ਸਰਕਾਰ ਵਿਚਾਰ ਕਰੇ, ਕਿਉਂਕਿ ਪੰਜਾਬ ਦੇ ਮਾਹੌਲ ਅਨੁਸਾਰ ਜੋ ਲੋਕ ਖੇਤਾਂ ਢਾਣੀਆਂ ਵਿੱਚ ਬੈਠੇ ਹਨ, ਉਹਨਾਂ ਨੂੰ ਸ਼ਰਾਰਤੀ ਅਨਸਰਾਂ ਤੋਂ ਹਮੇਸ਼ਾ ਖਤਰਾ ਬਣਿਆ ਰਹਿੰਦਾ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨੀ ਬਾਰਿਸ਼ 'ਤੇ ਗੜੇ ਮਾਰੀ ਨਾਲ ਪੱਕੀਆਂ ਫਸਲਾਂ ਕਈ ਥਾਈ ਖਰਾਬ ਹੋਈਆਂ ਹਨ, ਜਿਨਾਂ ਦਾ ਨੁਕਸਾਨ ਹੋਇਆ, ਸਰਕਾਰ ਉਹਨਾਂ ਦੀ ਤੁਰੰਤ ਗਿਰਦਾਵਰੀ ਕਰਕੇ ਬਣਦਾ ਮੁਆਵਜ਼ਾ ਦੇਵੇ। ਉਹਨਾਂ ਕਿਹਾ ਕਿ ਇਸ ਸਮੇਂ ਜੋ ਪੰਜਾਬ ਵਿੱਚ ਮਾਰੂ ਨਸ਼ੇ ਚਿੱਟਾ, ਸਮੈਕ, ਹੋਰ ਮੈਡੀਕਲ



ਨਸ਼ੇ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ, ਇਹਨਾਂ ਨੂੰ ਠੱਲ ਪਾਉਣ ਲਈ ਪੰਜਾਬ ਸਰਕਾਰ ਖਸਖਸ ਦੀ ਖੇਤੀ ਸ਼ੁਰੂ ਕਰਵਾਵੇ। ਇਸ ਸਮੇਂ ਮੀਟਿੰਗ ਵਿੱਚ ਮੇਜਰ ਸਿੰਘ ਸਰਪੰਚ ਸ਼ਾਹ ਵਾਲਾ ਜ਼ਿਲ੍ਹਾ ਮੀਤ ਪ੍ਰਧਾਨ, ਅਮਰੀਕ ਸਿੰਘ ਮੈਂਬਰ, ਗੁਰਦੀਪ ਸਿੰਘ ਫੌਜੀ ਕੋਟ ਸਦਰ ਖਾਂ, ਬਾਜ ਸਿੰਘ ਕਾਦਰਵਾਲਾ, ਹਰਜਿੰਦਰ ਸਿੰਘ, ਹਰਭਿੰਦਰ ਸਿੰਘ ਮੋਜੇਵਾਲਾ, ਟਹਿਲ ਸਿੰਘ ਮੁੰਡੀ ਜਮਾਲ, ਬਲਵਿੰਦਰ ਸਿੰਘ ਬਲਾਕ ਪ੍ਰਧਾਨ, ਅਮਰੀਕ ਸਿੰਘ ਬਲਾਕ ਮੀਤ ਪ੍ਰਧਾਨ, ਮੰਦਰਜੀਤ ਸਿੰਘ ਮਨਾਵਾ, ਸਾਹਿਬ ਸਿੰਘ ਬੋਗੇਵਾਲਾ ਆਦਿ ਹਾਜ਼ਰ ਸਨ।

# ਪ੍ਰਾਈਵੇਟ ਸਕੂਲਾਂ 'ਚ ਕਿਤਾਬਾਂ,ਸਕੂਲ ਡਰੈਸਾਂ ਨੂੰ ਲੈਕੇ ਮਾਪਿਆਂ ਦੀ ਹੋ ਰਹੀ ਅੰਨ੍ਹੀ ਲੁੱਟ ਤੇ ਨਕੇਲ ਕੱਸੇ ਸਰਕਾਰ-ਕਿਸਾਨ ਆਗੂ ਸੁੱਖ ਗਿੱਲ ਮੋਗਾ

ਲੋਕ ਬਾਣੀ/ ਕੋਟ ਈਸੇ ਖਾਂ, 4 ਅਪ੍ਰੈਲ (ਅਰੋੜਾ)

ਕੋਟ ਇਸੇ ਖਾਂ,4 ਅਪ੍ਰੈਲ (ਅਰੋੜਾ ) ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੁੱਖ ਗਿੱਲ ਮੋਗਾ ਅਤੇ ਮੈਬਰ ਸੰਯੁਕਤ ਕਿਸਾਨ ਮੋਰਚਾ ਨੇ ਪ੍ਰਾਈਵੇਟ ਸਕੂਲਾਂ ਵਿੱਚ ਕਿਤਾਬਾਂ ਨੂੰ ਲੈਕੇ ਹੋ ਰਹੀ ਬਲੈਕਮੇਲਿੰਗ ਅਤੇ ਲੁੱਟ ਨੂੰ ਰੋਕਣ ਲਈ ਸਰਕਾਰ ਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਸ ਮਾਫੀਆ ਤੇ ਨਿਕੇਲ ਕੱਸਣ ਲਈ ਕਿਹਾ ਗਿਆ ਹੈ,ਉਹਨਾਂ ਅੱਜ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦੇਂਦੇ ਹੋਏ ਕਿਹਾ ਕੇ ਹਰ ਸਾਲ ਪ੍ਰਾਈਵੇਟ ਸਕੂਲਾਂ ਵਿੱਚ ਮਾਪਿਆਂ ਦੀ ਕਰੋੜਾਂ ਰੁਪੈ ਦੀ ਲੁੱਟ ਕੀਤੀ ਜਾਂਦੀ ਹੈ ਜਿਸ ਤੇ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ,ਉਹਨਾਂ ਕਿਹਾ ਕੇ ਹਰ ਇੱਕ ਪ੍ਰਾਈਵੇਟ ਸਕੂਲ ਨੇ ਆਪਣੀ ਮੰਨ ਪਸੰਦ ਜਾਂ ਆਪਣੇ ਚਹੇਤਿਆਂ ਦੀਆਂ ਕਿਤਾਬਾਂ,ਸਕੂਲ ਡਰੈਸ,ਅਤੇ ਹੋਰ ਖੇਡਾਂ ਦੇ ਸਮਾਨ ਦੀਆਂ ਦੁਕਾਨਾਂ ਖੁਲਵਾਈਆਂ ਹੋਈਆਂ ਹਨ,ਇਹਨਾਂ ਤੋਂ ਬਿਨਾਂ ਤੁਸੀਂ ਕਿਸੇ ਹੋਰ ਦੁਕਾਨ ਤੋਂ ਕੋਈ ਵੀ ਸਮਾਨ ਨਹੀਂ ਖਰੀਦ ਸਕਦੇ,ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਕਿਹਾ ਕੇ ਹਰ ਸਾਲ ਹਰ ਇੱਕ ਕਲਾਸ ਦੇ ਸਲੇਬਸ ਵਿੱਚ ਥੋੜੀ ਬਹੁਤੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਕੇ ਪਿਛਲੀ ਕਲਾਸ ਦੀਆਂ ਕਿਤਾਬਾਂ ਕਿਸੇ ਹੋਰ ਬੱਚੇ ਦੇ ਕੰਮ ਨਾ ਆ ਸਕਣ ਅਤੇ ਉਹਨਾਂ ਕਰੋੜਾਂ ਰੁਪੈ ਦੀਆਂ ਕਿਤਾਬਾਂ ਨੂੰ ਰੱਦੀ ਦੇ ਵਿੱਚ ਸੁੱਟਿਆ ਜਾ ਸਕੇ,ਉਹਨਾਂ ਕਿਹਾ ਕੇ ਸਾਡੇ ਸਮਾਜ ਵਿੱਚ ਡਾਕਟਰ ਨੂੰ ਰੱਬ ਦਾ ਅਤੇ ਮਾਸਟਰ ਨੂੰ ਗੁਰੂ ਦਾ ਦਰਜਾ ਦਿੱਤਾ ਜਾਂਦਾ ਹੈ ਪਰ ਅੱਜ ਦੇ ਕੱਲਯੁੱਗ ਵਿੱਚ ਕੁਝ ਕੁ ਕਾਲੀਆਂ ਭੇਡਾਂ ਨੇ ਇਹ ਦੋਨੇ ਦਰਜੇ ਮਿੱਟੀ ਵਿੱਚ ਮਿਲਾ ਦਿੱਤੇ ਹਨ,ਗਿੱਲ ਨੇ ਇੱਕ ਅਹਿਮ ਜਾਣਕਾਰੀ ਦੇਂਦਿਆਂ ਕਿਹਾ ਕੇ ਸਰਕਾਰੀ ਸਕੂਲਾਂ ਦੇ ਅਧਿਆਪਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਰਹੇ ਹਨ ਅਤੇ ਸਾਡੇ ਆਮ ਲੋਕ ਵੀ ਆਪਣੇ ਸਟੇਟਸ ਨੂੰ ਉੱਚਾ ਵਖਾਉਣ ਲਈ ਪ੍ਰਾਈਵੇਟ ਸਕੂਲਾਂ ਦੀ ਦੌੜ ਵਿੱਚ ਲੱਗੇ ਹੋਏ ਹਨ,ਉਹਨਾਂ ਕਿਹਾ ਜੇਕਰ ਸਰਕਾਰੀ ਸਕੂਲਾਂ ਵਿੱਚ ਉੱਚ ਪੱਧਰੀ ਸਿਖਿਆ ਮੁਹੱਈਆ ਕਰਵਾਈ ਜਾਵੇ ਨਾ ਕੇ ਪੁਰਾਣੇ ਸਕੂਲਾਂ ਨੂੰ ਰੰਗ ਮਾਰਕੇ ਸਕੂਲ ਆਫ ਐਮੀਨੈਂਸ ਬਣਾਏ ਜਾਣ,ਉਹਨਾਂ ਮੰਗ ਕੀਤੀ ਕੇ ਚੰਗੇ ਉੱਚ ਪੱਧਰੀ ਸਿਖਿਆ ਵਾਲੇ ਟੀਚਰਾਂ ਨੂੰ ਭਰਤੀ ਕੀਤਾ ਜਾਵੇ ਤਾਂ ਜੋ ਅੱਧਿਓਂ ਵੱਧ ਲੋਕ ਸਰਕਾਰੀ ਸਕੂਲਾਂ ਵੱਲ ਘਰ ਵਾਪਸੀ ਕਰ ਸਕਣ,ਉਹਨਾਂ ਦੱਸਿਆ ਕੇ ਮੋਗਾ ਜਿਲ੍ਹੇ ਦੇ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਦੀਆਂ ਨਿੱਜੀ ਦੁਕਾਨਾਂ ਤੇ ਬੱਚਿਆਂ ਨੂੰ ਪੈਸੇ ਦੇਕੇ ਵੀ ਕਿਤਾਬਾਂ ਲੈਣ ਲਈ 10-15 ਦਿਨਾਂ ਤੋਂ ਗੇੜੇ ਮਾਰਨੇ ਪੈ ਰਹੇ ਹਨ ਅਤੇ ਫਿਰ ਵੀ ਕਿਤਾਬਾਂ ਦੀ ਸ਼ਾਰਟਜ ਕਹਿ ਕੇ ਮੋੜਿਆ ਜਾ ਰਿਹਾ ਹੈ ਜੇ ਇਹੀ ਕਿਤਾਬਾਂ ਹਰ ਦੁਕਾਨ ਤੋਂ ਆਮ ਮਿਲਣ ਤਾਂ ਇੱਕ ਮਾਪਿਆ ਦੀ ਖੱਜਲ ਖੁਆਰੀ ਰੁਕ ਜਾਵੇ ਅਤੇ ਦੂਜਾ ਅੰਨ੍ਹੇਵਾਹ ਹੋ ਰਹੀ ਇਹ ਲੁੱਟ ਰੋਕੀ ਜਾ ਸਕਦੀ ਹੈ,ਅਖੀਰ ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਡੀਸੀ ਮੋਗਾ ਅਤੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕੇ ਇਹ ਸਿਖਿਆ ਖੇਤਰ ਵਿੱਚ ਹੋ ਰਹੀ ਲੁੱਟ ਤੇ ਨਕੇਲ ਕੱਸੀ ਜਾਵੇ।ਇਸ ਮੌਕੇ ਉਹਨਾਂ ਨਾਲ ਕੇਵਲ ਸਿੰਘ ਖਹਿਰਾ,ਜਸਵੰਤ ਸਿੰਘ ਲੋਹਗੜ੍ਹ,ਗੁਰਪ੍ਰਤਾਪ ਸਿੰਘ ਕੋਟ,ਬਖਸ਼ੀਸ਼ ਸਿੰਘ ਰਾਮਗੜ੍ਹ,ਸਾਬ ਸਿੰਘ ਦਾਨੇਵਾਲਾ,ਕਾਰਜ ਸਿੰਘ ਮਸੀਤਾਂ,ਹਰਬੰਸ ਸਿੰਘ ਬਹਿਰਾਮਕੇ,ਮਨਦੀਪ ਸਿੰਘ ਮੰਨਾਂ,ਹਰਦੀਪ ਸਿੰਘ ਕਰਮੂੰਵਾਲਾ,ਲਖਵਿੰਦਰ ਸਿੰਘ ਕਰਮੂੰਵਾਲਾ,ਫਤਿਹ ਸਿੰਘ ਭਿੰਡਰ,ਗੁਰਨੇਕ ਸਿੰਘ ਦੌਲਤਪੁਰਾ,ਸਾਬ ਲੈਨਲਾਟ,ਜਥੇਦਾਰ ਸਾਬ ਸਿੰਘ ਲਲਿਹਾਂਦੀ,ਗੁਰਚਰਨ ਸਿੰਘ ਨੰਬਰਦਾਰ,ਗੁਰਦੇਵ ਸਿੰਘ ਵਾਰਿਸਵਾਲਾ,ਪਰਮਜੀਤ ਸਿੰਘ ਗਦਾਈਕੇ,ਚਮਕੌਰ ਸਿੰਘ ਸੀਤੋ,ਦਲਜੀਤ ਸਿੰਘ ਸਰਪੰਚ ਦਾਨੇਵਾਲਾ ਹਾਜਰ ਸਨ



# ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਵੱਲੋਂ ਲਾਇਆ ਗਿਆ ਅਖਾਂ ਦਾ ਮੁਫਤ ਚੈਕ ਅੱਪ ਅਤੇ ਆਪਰੇਸ਼ਨ ਕੈਂਪ ਸਫਲਤਾ ਪੂਰਵਕ ਸੰਪਨ




ਲੋਕ ਬਾਣੀ

ਸ਼੍ਰੀ ਮੁਕਤਸਰ ਸਾਹਿਬ, - ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਵੱਲੋਂ ਲਾਇਆ ਗਿਆ ਅਖਾਂ ਦਾ ਮੁਫਤ ਚੈਕ ਅੱਪ ਅਤੇ ਆਪਰੇਸ਼ਨ ਕੈਂਪ ਸਫਲਤਾ ਪੂਰਵਕ ਸੰਪਨ ਹੋ ਗਿਆ ਹੈ ਅੱਜ ਤੀਜਾ ਗਰੁੱਪ ਅੱਖਾਂ ਦੇ ਸਫਲਤਾ ਪੂਰਵਕ ਆਪਰੇਸ਼ਨ ਕਰਵਾ ਕੇ ਵਾਪਸ ਪਰਤਿਆ ਆਇਆ ਹੈ । ਬੀਤੇ ਦਿਨੀ ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਵੱਲੋਂ ਲਗਾਏ ਗਏ ਅੱਖਾਂ ਦੇ ਮੁਫਤ ਚੈਕ ਅਪ ਅਤੇ ਆਪਰੇਸ਼ਨ ਕੈਂਪ ਵਿੱਚ ਜਿਨਾਂ 90 ਲੋਕਾਂ ਨੂੰ ਆਪਰੇਸ਼ਨ ਲਈ ਚੁਣਿਆ ਗਿਆ ਸੀ ਉਹਨਾਂ ਨੂੰ ਤਿੰਨ ਗਰੁੱਪਾਂ ਵਿੱਚ ਵੰਡਿਆ ਗਿਆ ਸੀ ਇੱਕ ਗਰੁੱਪ ਹਰ ਰੋਜ਼ ਲਾਈਨ ਆਈ ਕੇਅਰ ਸੈਂਟਰ ਜੈਤੋ ਵਿਖੇ ਡਾਕਟਰ ਭੰਵਰਜੋਤ ਸਿੰਘ ਸਿੱਧੂ ਅਤੇ ਉਹਨਾਂ ਦੀ ਟੀਮ ਵੱਲੋਂ ਆਪਰੇਸ਼ਨ ਕਰਵਾ ਕੇ ਵਾਪਸ ਆ ਜਾਂਦਾ ਸੀ ਅਤੇ ਅਗਲਾ ਗਰੁੱਪ ਆਪਰੇਸ਼ਨ ਕਰਵਾਉਣ ਲਈ ਭੇਜਿਆ ਜਾਂਦਾ ਸੀ ਅੱਜ ਤੀਜਾ ਗਰੁੱਪ ਸਫਲਤਾ ਪੂਰਵਕ ਅਪਰੇਸ਼ਨ ਕਰਵਾ ਕੇ ਵਾਪਸ ਪਰਤ ਆਇਆ ਹੈ ਜਿਸ ਨਾਲ ਕਲੱਬ ਦਾ ਇਹ ਕੈਂਪ ਸਫਲਤਾ ਪੂਰਵਕ ਸੰਪਨ ਹੋ ਗਿਆ ਹੈ । ਇਸ ਕੈਂਪ ਵਿੱਚ ਕਲੱਬ ਦੇ ਸਾਰੇ ਹੀ ਮੈਂਬਰਾਂ ਦਾ ਅਤੇ ਸ਼ਹਿਰ ਵਾਸੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਕੈਂਪ ਦੇ ਚੇਅਰਮੈਨ ਲਾਈਨ ਬੂਟਾ ਰਾਮ ਕਮਰਾ ਅਤੇ ਮੈਂਬਰ ਡਾ ਵਿਜੇ ਸੁਖੀਜਾ ਰਵੀ ਅਗਰਵਾਲ ਜੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਆਸ਼ੀਰਵਾਦ ਲਿਆ ਤਾਂ ਜੋ ਇਸ ਤਰ੍ਹਾਂ ਦੇ ਕੈਂਪ ਅੱਗੇ ਤੋਂ ਵੀ ਚੱਲਦੇ ਰਹਿਣ ਇਸ ਮੌਕੇ ਦੇ ਕਲੱਬ ਦੇ ਪ੍ਰਧਾਨ ਲਾਈਨ ਅਮਰਦੀਪ ਦੀਪ ਸਿੰਘ ਸੈਕਟਰੀ ਵਿਕਾਸ ਗੋਇਲ ਤਨਵੀਨ ਸਿੰਘ ਅਰੁਣ ਮਿਤਲ ਚਮਲ ਲਾਲ ਪੰਸੇਜਾ ਦਲਜੀਤ ਸਿੰਘ ਕੰਡਾ ਬਲਜੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ



# ਟ੍ਰਾਂਸਜੈਂਡਰ ਵੋਟਰਾਂ ਨੂੰ ਕੀਤਾ ਗਿਆ ਜਾਗਰੂਕ

ਲੋਕ ਬਾਣੀ

ਅੰਮ੍ਰਿਤਸਰ:- -ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਦਰੇਸ਼ਾਂ ਤੇ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵਿਧਾਨ ਸਭਾ ਚੋਣ ਹਲਕਾ ਅੰਮ੍ਰਿਤਸਰ ਉੱਤਰੀ ਅੰਮ੍ਰਿਤਸਰ ਪੱਛਮੀ ਅਤੇ ਅੰਮ੍ਰਿਤਸਰ ਕੇਂਦਰੀ ਦੇ ਟ੍ਰਾਂਸਜੈਂਡਰ ਵੋਟਰਾਂ ਲਈ ਡੋਰ-ਟੂ-ਡੋਰ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਹੋਏ ਜਿਲ੍ਹਾ ਸਮਾਜਿਕ ਸੁੱਰਖਿਆ ਅਫ਼ਸਰ ਸ੍ਰੀਮਤੀ ਮੀਨਾ ਦੇਵੀ ਨੇ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਵੱਡੀ ਪੱਧਰ ਤੇ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਮਾਜ ਦੇ ਹਨ ਵਰਗ ਨੂੰ ਅਗਾਮੀ ਲੋਕ ਸਭਾ 2024 ਚੋਣਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਸੇ ਲੜੀ ਵਜੋਂ ਅੱਜ ਟ੍ਰਾਂਸਜੈਂਡਰ ਵੋਟਰਾਂ ਨੂੰ ਉਹਨਾਂ ਦੇ ਘਰਾਂ ਵਿੱਚ ਪਹੁੰਚ ਕਰ ਕੇ ਆਪਣੇ ਵੋਟ ਦੇ ਅਧਿਕਾਰ ਦੀ ਸੂਝ-ਬੂਝ ਨਾਲ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਦੀ ਜਾਗਰੂਕਤਾ ਮੁਹਿੰਮ ਅਗਲੇ ਕੁੱਝ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗੀ। ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪਾਰ' ਦਾ ਨਾਅਰਾ ਦਿੱਤਾ ਗਿਆ ਹੈ।

# ਕਿਤੇ ਨਿੰਮ ਦਾ ਘੋਟਣਾ ਗੀਤਾਂ ਵਿੱਚ ਅਤੇ ਨਿੰਮ ਦੀ ਦਾਤਨ ਆਉਣ ਵਾਲੀ ਪੀੜ੍ਹੀ ਲਈ ਸੁਪਨਾ ਨਾ ਬਣ ਜਾਵੇ-ਵਾਤਾਵਰਨ ਪ੍ਰੇਮੀ

ਲੋਕ ਬਾਣੀ



ਦੋਰਾਹਾ, - ਪੰਜਾਬ ਦੇ ਵੱਖ-ਵੱਖ ਕੋਨਿਆਂ ਵਿੱਚੋਂ ਖਬਰਾਂ ਆ ਰਹੀਆਂ ਹਨ ਕਿ ਇਸ ਵਾਰ ਬਹੁਤ ਥਾਵਾਂ ਤੇ ਨਿੰਮਾ ਦੇ ਦਰੱਖਤਾਂ ਨੇ ਬਸੰਤ ਰੁੱਤ ਵਿੱਚ ਫੋਟ ਨਹੀਂ ਕੀਤੀ ਜਿਸ ਕਰਕੇ ਕਿਤੇ ਨਿੰਮ ਦੇ ਘੋਟਨੇ ਨੂੰ ਗੀਤਾਂ ਵਿੱਚ ਸੁਨਣ ਅਤੇ ਨਿੰਮ ਦੀ ਦਾਤਨ ਕਰਨਾ ਆਉਣ ਵਾਲੀ ਪੀੜ੍ਹੀ ਦਾ ਸੁਪਨਾ ਨਾ ਬਣ ਜਾਵੇ। ਕਿਉਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੁਰਾਣੇ ਨਿੰਮ ਦੇ ਵੱਡੀ ਗਿਣਤੀ ਵਿਚ ਦਰੱਖਤਾਂ ਨੇ ਫੁਟਾਵਾ ਨਹੀ ਕੀਤਾ। ਪੰਜਾਬ ਦਾ ਵਿਰਾਸਤੀ ਦਰਖਤ ਨਿੰਮ ਦਾ ਫੁਟਾਵਾ ਨਾ ਹੋਣਾ

ਵਾਤਾਵਰਨ ਪ੍ਰੇਮੀਆਂ ਵਿੱਚ ਨਿਰਾਸ਼ਾ ਦਾ ਆਲਮ ਪਾਇਆ ਜਾ ਰਿਹਾ ਹੈ। ਦੋਰਾਹਾ ਇਲਾਕੇ ਦੀ ਨਾਮਵਰ ਸੰਸਥਾ ਦੋਰਾਹਾ ਵਾਤਾਵਰਨ ਚੇਤਨਾ ਮੰਚ ਦੇ ਸੰਚਾਲਕ ਕੁਲਵਿੰਦਰ ਸਿੰਘ ਨੇ ਕਿਹਾ ਕਿ ਉਨਾ ਦੀ ਸੰਸਥਾ ਵੱਲੋਂ ਵੱਡੀ ਗਿਣਤੀ ਵਿਚ ਨਿੰਮਾ ਦੇ ਬੂਟੇ ਲਾਏ ਸਨ ਜੌ ਦਰਖਤਾਂ ਦੇ ਰੂਪ ਵਿੱਚ ਮਨੁੱਖਤਾ ਲਈ ਵਰਦਾਨ ਬਣ ਗਏ ਸਨ। ਨਿੰਮ ਜੋ ਵੱਡੇ ਵੱਡੇ ਦਰਖਤ ਬਣ ਚੁੱਕੀਆਂ ਸਨ ਅਤੇ ਜਿਨ੍ਹਾਂ ਨੂੰ ਹਵਾ, ਅੱਗ ਆਦਿ ਦਾ ਹੁਣ ਕੋਈ ਖਤਰਾ ਨਹੀਂ ਰਿਹਾ ਜਵਾਨ ਹੋਈਆਂ ਨਿੰਮਾਂ ਨੇ ਇਸ ਵਾਰ ਬਸੰਤ ਰੁੱਤ ਵਿੱਚ ਨਵੀਂ ਫੋਟ ਨਹੀਂ ਕੀਤੀ ਤੇ ਨਾ ਹੀ ਫੁੱਟਣ ਦੀ ਕੋਈ ਸੰਭਾਵਨਾ ਲੱਗਦੀ ਹੈ ਕਿਉਂਕਿ ਜਦ ਨਿੰਮ ਦੀ ਟਾਹਣੀ ਨੂੰ ਦਾਤਨ ਦੇ ਰੂਪ ਵਿੱਚ ਤੋੜਦੇ ਹਾਂ ਤਾਂ ਉਹ ਕੇਵਲ ਤੇ ਕੇਵਲ ਸੁੱਕੀ ਲੱਕੜ ਵਾਂਗ ਹੀ ਟੁੱਟਦੀ ਹੈ ਇਸ ਤਰ੍ਹਾਂ ਨਿੰਮਾ ਦੇ ਬਸੰਤ ਵਿੱਚ ਨਾ ਫੁੱਟਣ ਦੇ ਕਰਕੇ ਵਾਤਾਵਰਨ ਪ੍ਰੇਮੀਆਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਉੱਥੇ ਹੀ ਬਾਕੀ ਦੇ ਲਾਏ ਗਏ ਬੂਟਿਆ ਦੀਆ ਕਰੁਬਲਾ ਦਾ ਫੁਟਵਾ ਹੋ ਚੁੱਕਾ ਹੈ ਅਤੇ ਹਰੇ ਭਰੇ ਬੂਟੇ ਲਹਿਰਾ ਰਹੇ ਹਨ। ਵਾਤਾਵਰਨ ਪ੍ਰੇਮੀ ਕਾਫੀ ਚਿੰਤਿਤ ਅਤੇ ਪ੍ਰੇਸ਼ਾਨੀ ਦੇ ਆਲਮ ਵਿਚ ਹਨ ਕਿ ਅਜਿਹਾ ਕੀ ਹੋ ਗਿਆ ਕਿ ਦੂਸਰੇ ਸਾਰੇ ਦਰੱਖਤਾਂ ਨੇ ਤਾਂ ਫੋਟ ਕੀਤੀ ਪਰ ਸਾਡੇ ਪੰਜਾਬ ਦਾ ਵਿਰਾਸਤੀ ਦਰਖਤ ਨਿੰਮ ਕਿਉਂ ਨਹੀਂ ਫੁੱਟਿਆ। ਕਹਿੰਦੇ ਹਨ ਕਿ ਜ਼ਿੰਦਗੀ ਵਿੱਚ ਘਾਟੇ ਵੱਧਦੇ ਤਾਂ ਬਹੁਤ ਆਏ ਪਰ ਉਹ ਘਾਟਿਆਂ ਵਿੱਚੋਂ ਨਿੰਮ ਦੇ ਸੁੱਕ ਜਾਣ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਘਾਟਾ ਮੰਨਦੇ ਹਨ ਉਹ ਕਹਿੰਦੇ ਹਨ ਕਿ ਸ਼ਾਇਦ ਇਹ ਨਿੰਮਾ ਮੁੱਢ ਤੋਂ ਤਾਂ ਭਾਵੇਂ ਫੁੱਟ ਪੈਣ ਪਰ ਲੱਗਦਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਕੀਤੀ ਹੋਈ ਮਿਹਨਤ ਤੇ ਪਾਣੀ ਫਿਰ ਗਿਆ ਉਹਨਾਂ ਕਿਹਾ ਜੇਕਰ ਨਿੰਮਾਂ ਦੇ ਸੁੱਕਣ ਦਾ ਕਾਰਨ ਤੇ ਹੱਲ ਨਾ ਲੱਭਿਆ ਗਿਆ ਤਾਂ ਆਉਣ ਵਾਲੀ ਪੀੜ੍ਹੀ ਨਿੰਮ ਦੇ ਘੋਟਨੇ ਨੂੰ ਸਿਰਫ ਗੀਤਾਂ ਵਿੱਚ ਹੀ ਸੁਣੇਗੀ ਅਤੇ ਨਿੰਮ ਦੀ ਦਾਤਨ ਨੂੰ ਆਉਣ ਵਾਲੀ ਪੀੜ੍ਹੀ ਨਹੀਂ ਵਰਤ ਸਕੇਗੀ। ਦੇਸੀ ਦਵਾਈਆਂ ਬਣਾਉਣ ਵਾਲੇ ਵੈਦ ਵੀ ਰੋਗਾਂ ਨੂੰ ਠੀਕ ਕਰਨ ਲਈ ਜੋ ਨਿੰਮ ਦੀ ਨਮੋਲੀਆਂ ਅਤੇ ਪੱਤਿਆਂ ਦੀ ਵਰਤੋਂ ਕਰਦੇ ਹਨ ਜੇਕਰ ਨਿਮਾ ਹਰ ਸਾਲ ਇਸੇ ਤਰ੍ਹਾਂ ਸੁੱਕਦੀਆਂ ਰਹੀਆਂ ਤਾਂ ਬਸ ਯਾਦਾਂ ਹੀ ਰਹਿ ਜਾਣਗੀਆਂ। ਸਰਕਾਰਾਂ ਅਤੇ ਵਿਭਾਗ ਨਿਮਾ ਦੇ ਨਾ ਫੁੱਟਣ ਦੀ ਪ੍ਰਕਿਰਿਆ ਨੂੰ ਗੰਭੀਰਤਾ ਨਾਲ ਲਵੇ ਅਤੇ ਵਿਗਿਆਨੀਆਂ ਨੂੰ ਇਸ ਦੀ ਜਾਂਚ ਕਰਨ ਲਈ ਪਾਬੰਦ ਕਰੇ। ਹਰ ਵਾਤਾਵਰਨ ਪ੍ਰੇਮੀ ਅਜੋਕੇ ਹਾਲਾਤਾਂ ਵਿਚ ਨਿੰਮ ਦੇ ਬੂਟੇ ਲਾਉਣ ਦੀ ਮੁਹਿਮ ਛੇੜਨ ਤਾਂ ਜੌ ਪੰਜਾਬ ਦਾ ਵਿਰਾਸਤੀ ਰੁੱਖ ਨਿੰਮ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸੰਸਥਾ ਦੇ ਪ੍ਰਮੁੱਖ ਕੁਲਵਿੰਦਰ ਸਿੰਘ ਕਾਕਾ, ਬਲਵਿੰਦਰ ਸਿੰਘ, ਹਰਤੇਗ ਸਿੰਘ ਤੇਗੀ ਰਾਜਗੜ੍ਹ, ਸ਼ਰਨਜੀਤ ਸਿੰਘ ਰਾਮ ਰਾਮਪੁਰ, ਮਨਜੀਤ ਸਿੰਘ ਅੜੈਚਾਂ, ਜਗਦੀਪ ਸਿੰਘ ਸੋਨੀ ਖੱਟਰਾ, ਕਮਲਪ੍ਰੀਤ ਸਿੰਘ ਕਾਲੂ ਕਟਾਣਾ ਸਾਹਿਬ, ਚਮਕੌਰ ਸਿੰਘ ਕਟਾਣਾ ਸਹਿਬ, ਹਰਪ੍ਰੀਤ ਸਿੰਘ ਪੱਪੂ ਬੇਗੋਵਾਲ, ਜਗਮੇਲ ਸਿੰਘ ਜੱਗੀ ਲੋਪੋ ਆਦ ਹਾਜਰ ਸਨ।

# ਡਿੰਪੀ ਚੌਹਾਨ ਦੀ ਅਗਵਾਈ ਵਿੱਚ ਈ ਰਿਕਸ਼ਾ ਯੂਨੀਅਨ ਦੇ ਆਗੂਆਂ ਨੇ ਵਿਧਾਇਕ ਕੁੰਵਰ ਵਿਜੈ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ

ਲੋਕ ਬਾਣੀ



ਅੰਮ੍ਰਿਤਸਰ:--ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਕੌਮੀ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਆਗੂ ਅਸ਼ੋਕ ਡਿੰਪੀ ਚੌਹਾਨ ਦੀ ਅਗਵਾਈ ਵਿੱਚ ਈ ਰਿਕਸ਼ਾ ਯੂਨੀਅਨ ਦਾ ਇਕ ਪ੍ਰਤੀਨਿਧੀ ਮੰਡਲ ਪ੍ਰਧਾਨ ਗੁਰਚਰਨ ਸਿੰਘ, ਵਿਸ਼ਾਲ ਸਹਦੇਵ,ਤੇ ਰਾਜਾ ਦੀ ਅਗਵਾਈ ਵਿੱਚ ਵਿਧਾਇਕ ਹਲਕਾ ਉੱਤਰੀ ਕੁਵਰ ਵਿਜੈ ਪਰਤਾਪ ਸਿੰਘ ਨੂੰ ਮਿਲਿਆ ਅਤੇ ਉਹਨਾਂ ਨੂੰ ਆਪਣੀਆਂ ਮੁਸ਼ਕਲਾਂ ਤੋਂ ਵਿਧਾਇਕ ਨੂੰ ਜਾਣੂ ਕਰਵਾਇਆ ! ਵਫਦ ਵਿੱਚ ਸ਼ਾਮਿਲ ਆਗੂਆਂ ਨੇ ਉਹਨਾਂ ਨੂੰ ਕਿਹਾ ਕਿ ਦਰਬਾਰ ਸਾਹਿਬ ਦੇ ਨਾਲ ਲਗਦੇ ਇਲਾਕਿਆਂ ਵਿੱਚ ਉਹਨਾਂ ਨੂੰ ਈ ਰਿਕਸ਼ਾ ਵਿੱਚ ਵੱਖ ਵੱਖ ਥਾਵਾਂ ਤੋਂ ਬੱਸ ਅੱਡੇ ਰੇਲਵੇ ਸਟੇਸ਼ਨ ਤੋਂ ਸ਼੍ਰੀ ਦਰਬਾਰ ਸਾਹਿਬ ਜਾਣ ਵਾਲਿਆਂ ਸਵਾਰੀਆਂ ਨੂੰ ਲੈ ਕੇ ਆਣ ਜਾਣ ਨਹੀਂ ਦਿੱਤਾ ਜਾਂਦਾ ਸ਼ਾਸ਼ਤਰੀ ਮਾਰਕੀਟ,ਕਟਰਾ ਆਹਲੂਵਾਲੀਆ,ਦਰਸ਼ਨੀ ਡਿਉੜੀ,ਗੁਰੂ ਬਜਾਰ,ਆਦਿ ਇਲਾਕਿਆਂ ਵਿੱਚ ਟਰੈਫਿਕ ਪੁਲਿਸ ਕਰਮਚਾਰੀ ਖੜੇ ਹਨ ਉਹ ਸਾਨੂੰ ਈ ਰਿਕਸ਼ਾ ਲੈ ਕੇ ਦਰਬਾਰ ਸਾਹਿਬ ਦੇ ਕੋਲ ਨਹੀਂ ਜਾਣ ਦਿੰਦੇ ਉਹਨਾਂ ਨੂੰ ਸਵਾਰੀਆਂ ਸਮੇਤ ਤੰਗ ਪ੍ਰੇਸ਼ਾਨ ਕਿੱਤਾ ਜਾਂਦਾ ਹੈ ! ਓਹਨਾਂ ਨੇ ਵਿਧਾਇਕ ਕੁੰਵਰ ਵਿਜੈ ਪਰਤਾਪ ਸਿੰਘ ਕੋਲੋਂ ਮੰਗ ਕੀਤੀ ਕਿ ਸਾਨੂੰ ਇਕ ਤਰਫੋਂ ਆਣ ਜਾਣ ਦਾ ਰਾਹ ਦਿੱਤਾ ਜਾਵੇ ! ਕਿਉਂਕਿ ਅਸੀਂ ਵੀ ਅਪਣੇ ਬਾਲ ਬੱਚਿਆਂ ਨੂੰ ਰੋਟੀ ਖਵੁਣੀ ਅਤੇ ਉਹਨਾਂ ਨੂੰ ਪੜ੍ਹਾਉਣਾ ਲਿਖੁਣਾ ਹੈ ! ਸਾਡਾ ਕੰਮ ਕਾਰ ਬਿਲਕੁਲ ਬੰਦ ਹੋ ਗਿਆ ਹੈ ! ਈ ਰਿਕਸ਼ਾ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਅਗਰ ਸਾਡੀਆਂ ਮੁਸ਼ਕਲਾਂ ਨੂੰ ਹਲ ਨਹੀਂ ਕਿਤਾ ਗਿਆ ਤੇ ਉਹਨਾਂ ਦੇ ਸਾਰੇ ਅਹੁਦੇਦਾਰ ਭੁੱਖ ਹੜਤਾਲ ਸ਼ੁਰੂ ਕਰਨਗੇ ! ਡਿੰਪੀ ਚੌਹਾਨ ਨੇ ਕਿਹਾ ਕਿ ਵਿਧਾਇਕ ਕੁੰਵਰ ਵਿਜੈ ਪਰਤਾਪ ਨੇ ਵਫਦ ਨੂੰ ਇਹ ਭਰੋਸਾ ਦਿੱਤਾ ਹੈ ਕਿ ਜਲਦੀ ਤੋਂ ਜਲਦੀ ਉਹ ਇਹਨਾਂ ਮੁਸ਼ਕਲਾਂ ਨੂੰ ਪੁਲਿਸ ਕਮਿਸ਼ਨਰ ਅਤੇ ਹੋਰ ਟਰੈਫਿਕ ਪੁਲਿਸ ਆਧਕਾਰਿਆ ਨਾਲ ਗੱਲਬਾਤ ਕਰਕੇ ਹਲ ਕਰਵਾਉਣਗੇ !



Website : www.lokbani.com
lokbani08@gmail.com


# ਕਰੋ ਯੋਗ ਰਹੋ ਨਿਰੋਗ : ਨਿਯਮਤ ਅਭਿਆਸ ਤਣਾਅ ਘਟਾ ਕੇ ਵਧਾ ਸਕਦੈ ਮਾਨਸਿਕ ਤੰਦਰੁਸਤੀ

ਯੋਗਾ ਸਾਡੀ ਮਹਾਨ ਪੁਰਾਤਨ ਤਹਿਜੀਬ ਦਾ ਅੰਗ ਹੈ। ਇਹ ਸਰੀਰਕ ਕਸਰਤ ਨਾ ਹੋ ਕੇ ਸਰੀਰਕ ਅਭਿਆਸ ਹੈ, ਜੋ ਤਨ ਨੂੰ ਤਰੋਤਾਜ਼ਾ ਤੇ ਤੰਦਰੁਸਤ ਰੱਖਦਾ ਹੈ। ਮਨ ਨੂੰ ਸ਼ਾਂਤੀ, ਚੈਨ ਤੇ ਬਲ ਬਖ਼ਸ਼ਦਾ ਹੈ। ਬਹੁਤ ਸਾਰੇ ਭਾਰਤੀਆਂ ਦੇ ਰੋਜ਼ਮਰ੍ਹਾ ਜੀਵਨ ਦੀ ਸ਼ੁਰੂਆਤ ਵੱਖ-ਵੱਖ ਯੋਗਿਕ ਆਸਣਾਂ ਤੇ ਕਿਰਿਆਵਾਂ ਕਰਨ ਨਾਲ ਹੁੰਦੀ ਹੈ।

ਕੋਲਡ ਡ੍ਰਿੰਕ ਸਰੀਰ ਨੂੰ ਬਣਾ ਸਕਦੇ ਹਨ ਬਿਮਾਰੀਆਂ ਦਾ ਘਰ, ਗਰਮੀ ਦੇ ਮੌਸਮ 'ਚ ਇਨ੍ਹਾਂ ਸਿਹਤਮੰਦ ਆਪਸ਼ਨਾਂ ਨਾਲ ਬਦਲੋਕੋਲਡ ਡ੍ਰਿੰਕ ਸਰੀਰ ਨੂੰ ਬਣਾ ਸਕਦੇ ਹਨ ਬਿਮਾਰੀਆਂ ਦਾ ਘਰ, ਗਰਮੀ ਦੇ ਮੌਸਮ 'ਚ ਇਨ੍ਹਾਂ ਸਿਹਤਮੰਦ ਆਪਸ਼ਨਾਂ ਨਾਲ ਬਦਲੋ

ਬੱਚੇ ਦੇ ਲਗਾਤਾਰ ਲੱਤਾਂ ਤੇ ਗਿੱਟੇ ਦੇ ਦਰਦ ਨੂੰ ਨਾ ਕਰੋ ਨਜ਼ਰਅੰਦਾਜ਼, ਹੋ ਸਕਦੈ ਹਨ ਜੁਵੇਨਾਈਲ ਆਰਥਰਾਈਟਿਸ ਦੇ ਸੰਕੇਤਬੱਚੇ ਦੇ ਲਗਾਤਾਰ ਲੱਤਾਂ ਤੇ ਗਿੱਟੇ ਦੇ ਦਰਦ ਨੂੰ ਨਾ ਕਰੋ ਨਜ਼ਰਅੰਦਾਜ਼, ਹੋ ਸਕਦੈ ਹਨ ਜੁਵੇਨਾਈਲ ਆਰਥਰਾਈਟਿਸ ਦੇ ਸੰਕੇਤ

ਯੋਗ ਸੰਸਕ੍ਰਿਤ ਦੇ ਸ਼ਬਦ ਯੁਜ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਇਕਜੁਟ ਹੋਣਾ ਜਾਂ ਜੁੜਨਾ। ਇਹ ਸਰੀਰ, ਮਨ ਤੇ ਆਤਮਾ ਵਿਚਕਾਰ ਇਕਸੁਰਤਾ ਦਾ ਪ੍ਰਤੀਕ ਹੈ। ਅਸਲ 'ਚ ਯੋਗ ਨਾਲ ਬਹੁਤ ਸਾਰੀਆਂ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ ਪਰ ਸਾਡੇ ਸਰੀਰ ਦਾ ਸੰਤੁਲਨ ਬਣਾਉਣਾ ਆਪਣੀ ਆਤਮਾ ਤੇ ਜੀਵਨ ਸ਼ਕਤੀ ਦਾ ਸੰਤੁਲਨ ਬਣਾਉਣਾ ਹੀ ਯੋਗਾ ਦਾ ਅਸਲ ਮਨੋਰਥ ਹੈ। ਯੋਗਾ ਸਿਰਫ਼ ਇਕ ਕਸਰਤ ਹੀ ਨਹੀਂ ਸਗੋਂ ਜੀਵਨ ਦਾ ਇਕ ਤਰੀਕਾ ਹੈ, ਜਿਸ ਵਿਚ ਸਰੀਰਕ ਆਸਣ, ਸਾਹ ਨਿਯੰਤਰਨ, ਧਿਆਨ ਤੇ ਨੈਤਿਕ ਸਿਧਾਂਤ ਸ਼ਾਮਿਲ ਹੁੰਦੇ ਹਨ। ਯੋਗਾ ਦਾ ਇਹ ਦਿਨ ਹਰ ਸਾਲ 21 ਜੂਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਵਿਸ਼ਵ ਯੋਗਾ ਦਿਵਸ ਨੂੰ ਮਨਾਉਣ ਦਾ ਉਦੇਸ਼ ਪੂਰੀ ਦੁਨੀਆ ਨੂੰ ਯੋਗਾ ਦੇ ਮਹੱਤਵ ਤੋਂ ਜਾਗਰੂਕ ਕਰਨਾ ਹੈ। ਇਸ ਸਬੰਧੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਯੁਕਤ ਰਾਸ਼ਟਰ 'ਚ ਪ੍ਰਸਤਾਵ ਰੱਖਿਆ ਗਿਆ ਸੀ। ਯੋਗ ਨੂੰ ਸੰਯੁਕਤ ਰਾਸ਼ਟਰ ਸੰਘ ਨੇ 2015 ਵਿਚ ਮਾਨਤਾ ਦਿੰਦਿਆਂ 21 ਜੂਨ ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਐਲਾਨਿਆ ਸੀ। ਇਸ ਤੋਂ ਬਾਅਦ ਹਰ ਸਾਲ ਇਹ ਦਿਨ 21 ਜੂਨ ਨੂੰ ਵਿਸ਼ਵ ਯੋਗ ਦਿਵਸ ਵਜੋਂ ਮਨਾਇਆ ਜਾਂਦਾ ਹੈ। ਯੂਐੱਨਓ ਵੱਲੋਂ 21 ਜੂਨ ਨੂੰ 'ਵਿਸ਼ਵ ਯੋਗਾ ਦਿਵਸ' ਵਜੋਂ ਮਾਨਤਾ ਦੇਣ ਕਾਰਨ ਯੋਗਾ ਦੀ ਕੌਮਾਂਤਰੀ ਪੱਧਰ 'ਤੇ ਪਛਾਣ ਬਣਨ 'ਚ ਕਾਫ਼ੀ ਮਦਦ ਮਿਲੀ ਹੈ। ਇਸੇ ਦਿਨ ਪੂਰੀ ਦੁਨੀਆ ਸਰੀਰਕ, ਮਾਨਸਿਕ ਤੇ ਅਧਿਆਤਮਿਕ ਸਥਿਤੀ ਬਣਾਈ ਰੱਖਣ ਲਈ ਯੋਗ ਦਾ ਫ਼ਾਇਦਾ ਲੈਂਦੀ ਹੈ।





ਨਿਯਮਤ ਅਭਿਆਸ ਘਟਾਉਂਦਾ ਤਣਾਅ

ਯੋਗ ਦੀਆਂ ਜੜ੍ਹਾਂ ਹਜ਼ਾਰਾਂ ਸਾਲ ਪਹਿਲਾਂ ਪ੍ਰਾਚੀਨ ਭਾਰਤ 'ਚ ਲੱਭੀਆਂ ਜਾ ਸਕਦੀਆਂ ਹਨ। ਇਹ ਰਿਸ਼ੀਆਂ-ਪੈਗੰਬਰਾਂ ਦਾ ਤੋਹਫ਼ਾ ਹੈ, ਜਿਨ੍ਹਾਂ ਨੇ ਮਨੁੱਖੀ ਹੋਂਦ ਦੀਆਂ ਡੂੰਘਾਈਆਂ ਦੀ ਖੋਜ ਕੀਤੀ, ਮੁਕਤੀ ਅਤੇ ਗਿਆਨ ਦੀ ਭਾਲ ਕੀਤੀ। ਸਮੇਂ ਨਾਲ ਯੋਗਾ ਵਿਆਪਕ ਪ੍ਰਣਾਲੀ ਵਿਚ ਵਿਕਸਤ ਹੋਇਆ ਹੈ, ਜੋ ਤੰਦਰੁਸਤੀ ਲਈ ਸੰਪੂਰਨ ਪਹੁੰਚ ਪੇਸ਼ ਕਰਦਾ ਹੈ। ਇਸ ਦੇ ਲਾਭ ਵੀ ਬੇਹੱਦ ਹਨ। ਯੋਗ 'ਚ ਵੱਖ-ਵੱਖ ਤਰ੍ਹਾਂ ਦੇ ਆਸਣ ਤੇ ਪ੍ਰਾਣਾਯਾਮ ਹਨ, ਜੋ ਸਰੀਰ ਨੂੰ ਵੱਖ-ਵੱਖ ਤਰ੍ਹਾਂ ਦੇ ਫ਼ਾਇਦੇ ਦਿੰਦੇ ਹਨ। ਇਹ ਸਰੀਰ ਦੀ ਲਚਕਤਾ, ਤਾਕਤ ਅਤੇ ਸੰਤੁਲਨ ਨੂੰ ਵਧਾਉਂਦਾ ਹੈ। ਦਿਮਾਗ਼ ਦੀ ਕੰਮ ਕਰਨ ਦੀ ਸਮਰੱਥਾ ਅਤੇ ਸਾਹ ਜਾਗਰੂਕਤਾ ਦੁਆਰਾ ਯੋਗ ਸਰੀਰ ਨੂੰ ਪੋਸ਼ਣ ਦਿੰਦਾ ਹੈ। ਇਸ ਦਾ ਨਿਯਮਤ ਅਭਿਆਸ ਤਣਾਅ ਨੂੰ ਘਟਾ ਸਕਦਾ ਹੈ ਅਤੇ ਮਾਨਸਿਕ ਤੰਦਰੁਸਤੀ ਨੂੰ ਵਧਾ ਸਕਦਾ ਹੈ। ਕੋਵਿਡ-19 ਮਹਾਮਾਰੀ ਦੌਰਾਨ ਯੋਗਾ ਨੇ ਅਹਿਮ ਭੂਮਿਕਾ ਨਿਭਾਈ ਹੈ। ਜਦੋਂ ਸੰਸਾਰ ਅਨਿਸ਼ਚਿਤਤਾ ਤੇ ਚਿੰਤਾਵਾਂ ਨਾਲ ਜੂਝ ਰਿਹਾ ਸੀ, ਉਸ ਸਮੇਂ ਯੋਗਾ ਸ਼ਾਂਤੀ ਦਾ ਅਸਥਾਨ ਬਣਿਆ। ਸਾਨੂੰ ਜੀਵਨ 'ਚ ਯੋਗਾ ਦੇ ਡੂੰਘੇ ਪ੍ਰਭਾਵ 'ਤੇ ਵਿਚਾਰ ਕਰਨੇ ਚਾਹੀਦੇ ਹਨ। ਨਾਲ ਹੀ ਇਸ ਪੁਰਾਤਨ ਬੁੱਧੀ ਦਾ ਸਨਮਾਨ ਵੀ ਕਰਨਾ ਚਾਹੀਦਾ ਹੈ, ਜਿਸ ਨੇ ਅਨੇਕਾਂ ਹੀ ਪੀੜ੍ਹੀਆਂ ਨੂੰ ਸੇਧ ਦਿੱਤੀ ਹੈ। ਜਿਵੇਂ ਅਸੀ ਗਲੀਚੇ ਨੂੰ ਜ਼ਮੀਨ 'ਤੇ ਵਿਛਾਉਂਦੇ ਹਾਂ ਅਤੇ ਅਭਿਆਸ ਨੂੰ ਗਲੇ ਲਾਉਂਦੇ ਹਾਂ ਤਾਂ ਯਾਦ ਰੱਖੋ ਕਿ ਯੋਗਾ ਪਰਿਵਰਤਨਸ਼ੀਲ ਯਾਤਰਾ ਹੈ, ਸਵੈਖੋਜ ਤੇ ਅੰਦਰੂਨੀ ਸ਼ਾਂਤੀ ਵੱਲ ਇਕ ਮਾਰਗ ਹੈ। ਅਸੀਂ ਉਸ ਏਕਤਾ ਦਾ ਜਸ਼ਨ ਮਨਾਉਂਦੇ ਹਾਂ, ਜੋ ਯੋਗਾ ਲਿਆਉਂਦੀ ਹੈ ਤੇ ਸਾਨੂੰ ਮਨੁੱਖੀ ਪਰਿਵਾਰ ਨਾਲ ਜੋੜਦੀ ਹੈ।

# ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਸਰਪ੍ਰਸਤੀ ਹੇਠ ਚੱਲ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ

ਲੋਕ ਬਾਣੀ

ਸ੍ਰੀ ਗੋਇੰਦਵਾਲ ਸਾਹਿਬ ਕਰਨੈਲ ਸਿੰਘ ਰਿੱਕੂ- ਪੋਸਟ ਗ੍ਰੈਜੂਏਟ ਕੰਪਿਊਟਰ ਵਿਭਾਗ ਵੱਲੋਂ 'ਸੱਤ ਰੋਜ਼ਾ ਵਰਕਸ਼ਾਪ' ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੁੱਖ ਮੰਤਵ ਪ੍ਰੋਫੈਸਰ ਸਾਹਿਬਾਨ ਨੂੰ ਕੰਪਿਊਟਰ ਨਾਲ ਸਬੰਧਿਤ ਮੁੱਢਲੀ ਜਾਣਕਾਰੀ ਨੂੰ ਮੁਹੱਈਆ ਕਰਵਾਉਣਾ ਸੀ।

ਇਨ੍ਹਾਂ ਸੱਤ ਦਿਨਾਂ ਦੇ ਦਰਮਿਆਨ ਪ੍ਰੋਫੈਸਰ ਸਾਹਿਬਾਨ ਨੇ 'ਮਾਇਕ੍ਰੋਸਾਫਟ ਵਰਡ', 'ਐਕਸਲ' ਅਤੇ 'ਪਾਵਰ ਪੋਇੰਟ' ਦੇ ਅੰਦਰੂਨੀ ਪੱਖਾਂ ਦੇ ਬਾਰੇ ਮਹੱਤਵਪੂਰਨ ਜਾਣਕਾਰੀ ਨੂੰ ਪ੍ਰਾਪਤ ਕੀਤਾ। ਇਸ ਵਰਕਸ਼ਾਪ ਦੇ ਅੰਤਲੇ ਦਿਨ ਪੋਸਟ ਗ੍ਰੈਜੂਏਟ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ.ਰੋਹਿਤ ਸ਼ਰਮਾ ਨੇ ਅਧਿਆਪਕ ਸਾਹਿਬਾਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਸ਼ਵੀਕਰਨ ਦੇ ਦੌਰ ਅੰਦਰ ਕੰਪਿਊਟਰ ਦੀ ਕ੍ਰਾਂਤੀ ਨੇ ਸਮੁੱਚੇ ਵਿਸ਼ਵ ਅੰਦਰ ਨਵੇਂ ਕੀਰਤੀਮਾਨਾਂ ਨੂੰ ਸਥਾਪਿਤ ਕਰਕੇ ਮਨੁੱਖ ਦੇ ਹਰੇਕ ਕਾਰਜ ਨੂੰ ਸੁਖਾਲਾ ਕਰ ਦਿੱਤਾ ਹੈ। ਇਸ ਲਈ ਸਾਨੂੰ ਸਮੇਂ ਦੇ ਹਾਣੀ ਹੋਣ ਲਈ ਕੰਪਿਊਟਰ ਦੀ ਜਾਣਕਾਰੀ ਅਤੇ ਇਸ ਦੀਆਂ ਸਮੁੱਚੀਆਂ ਪ੍ਰਕਿਰਿਆਵਾਂ ਨੂੰ ਸਿੱਖਣਾ ਲਾਜ਼ਮੀ ਬਣ ਜਾਂਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਨੇ ਇਸ ਸ਼ਲਾਘਾਯੋਗ ਕਾਰਜ ਲਈ ਕੰਪਿਊਟਰ ਵਿਭਾਗ ਦੇ ਸਮੂਹ ਪ੍ਰੋਫੈਸਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕਾਰਜ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਇੱਥੇ ਇਹ ਵੀ ਵਿਸ਼ੇਸ਼ ਜਿਕਰਯੋਗ ਹੈ ਕਿ ਵੱਖ-ਵੱਖ ਵਿਭਾਗਾਂ ਤੋਂ ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਪ੍ਰੋਫੈਸਰ ਸਾਹਿਬਾਨ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ ਅਤੇ ਅਰਥਸ਼ਾਸਤਰ ਵਿਭਾਗ ਦੇ ਪ੍ਰੋ. ਮਨਦੀਪ ਕੌਰ ਦਾ ਚੰਗੀ ਕਾਰਗੁਜਾਰੀ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੋ.ਸੁਖਜਿੰਦਰ ਸਿੰਘ ਚੀਮਾ,ਡਾ.ਕੰਵਲਜੀਤ ਸਿੰਘ, ਡਾ.ਜਤਿੰਦਰ ਸਿੰਘ, ਪ੍ਰੋ.ਜਸਪਾਲ ਸਿੰਘ, ਡਾ.ਰਮਨਦੀਪ ਕੌਰ, ਪ੍ਰੋ.ਜਗਜੀਤ ਕੌਰ, ਪ੍ਰੋ.ਮੇਜਰ ਸਿੰਘ, ਪ੍ਰੋ.ਹਰਦੀਪ ਸਿੰਘ, ਡਾ.ਜਤਿੰਦਰ ਕੌਰ, ਡਾ.ਸੁਖਬੀਰ ਕੌਰ, ਪ੍ਰੋ.ਮਨਪ੍ਰੀਤ ਕੌਰ, ਪ੍ਰੋ. ਹਰਦੇਵ ਸਿੰਘ, ਪ੍ਰੋ.ਰਵਨੀਤ ਕੌਰ, ਪ੍ਰੋ.ਰੂਥਪਾਲ ਕੌਰ, ਪ੍ਰੋ. ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।




# ਉੱਪ ਚੋਣ ਕਮਿਸ਼ਨਰ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੀ ਅਗਵਾਈ ਵਿੱਚ ਜ਼ਿਲ੍ਹਾ ਮਾਲੇਰਕੋਟਲਾ ਵਲੋਂ ਵਿਲੱਖਣ ਪਹਿਲਕਦਮੀ ਤਹਿਤ ਤਿਆਰ ਕੀਤੀ ਬੂਥ ਰਾਬਤਾ ਨਾਮਕ ਇੱਕ ਵਿਸ਼ੇਸ਼ ਵੈਬਸਾਈਟ ਕੀਤੀ ਲਾਂਚ

ਲੋਕ ਬਾਣੀ

ਮਾਲੇਰਕੋਟਲਾ (ਬੋਪਾਰਾਏ): ਉੱਪ ਚੋਣ ਕਮਿਸ਼ਨਰ ਹਿਰਦੇਸ਼ ਕੁਮਾਰ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਦੀ ਅਗਵਾਈ ਹੇਠ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਵਿਲੱਖਣ ਪਹਿਲਕਦਮੀ ਤਹਿਤ ਚੋਣਾਂ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨ ਵਾਸਤੇ 'ਬੂਥ ਰਾਬਤਾ' ਨਾਮਕ ਇੱਕ ਵਿਸ਼ੇਸ਼ ਵੈਬਸਾਈਟ ਜਾਰੀ ਕੀਤੀ ਗਈ । ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਡਾ ਸਿਮਰਤ ਕੌਰ ਤੋਂ ਇਲਾਵਾ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰ , ਪੁਲਿਸ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਮੌਜੂਦ ਸਨ ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਕਿ ਜ਼ਿਲ੍ਹਾ ਪ੍ਰਸਾਸ਼ਨ ਵਲੋਂ ਜ਼ਿਲ੍ਹੇ ਦੇ ਵੋਟਰਾਂ ਦੀ ਸਹੂਲਤ ਲਈ ਇੱਕ ਵਿਸ਼ੇਸ਼ ਵੈਬਸਾਈਟ https://boothraabta.com 'ਬੂਥ ਰਾਬਤਾ' ਤਿਆਰ ਕੀਤੀ ਹੈ । ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਵੋਟਰਾਂ ਲਈ ਸਹਾਇਕ ਹੋਵੇਗੀ ਸਗੋਂ ਪੋਲਿੰਗ ਸਟਾਫ ਨੂੰ ਕਿਸੇ ਵੀ ਜਰੂਰੀ ਸਥਿਤੀ ਵਿੱਚ ਮਦਦਗਾਰ ਹੋਵੇਗੀ । ਉਨ੍ਹਾਂ ਹੋਰ ਦੱਸਿਆ ਕਿ ਇਸ ਵੈਬਸਾਈਟ ਨੂੰ ਡਿਜਾਇਨ ਕਰਨ ਵਿੱਚ ਐਸ.ਡੀ.ਐਮ. ਕਮ ਸਹਾਇਕ ਰਿਟਰਟਿੰਗ ਅਫ਼ਸਰ – ਲੋਕ ਸਭਾ ਹਲਕਾ 12 ਸੰਗਰੂਰ (ਅਸੈਂਬਲੀ ਸੈਗਮੈਂਟ 105 ਮਾਲੇਰਕੋਟਲਾ) ਸ੍ਰੀਮਤੀ ਅਪਰਨਾ ਐਮ.ਬੀ ਅਤੇ ਦਫ਼ਤਰ ਡਿਪਟੀ ਕਮਿਸ਼ਨਰ ਮਾਲੇਰਕੋਟਲਾਂ ਦੇ (ਐਲ.ਪੀ.ਏ. ਸ਼ਾਖਾ) ਫਿਰੋਜ ਮੁਹੰਮਦ ਨੇ ਅਹਿਮ ਰੋਲ ਅਦਾ ਕੀਤਾ ਹੈ । 'ਬੂਥ ਰਾਬਤਾ ਨਾਮਕ ਇਸ ਵਿਸ਼ੇਸ਼ ਵੈਬਸਾਈਟ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਨਜ਼ਦੀਕੀ ਪੁਲਿਸ ਸਟੇਸ਼ਨ, ਹਸਪਤਾਲ, ਐਂਬੂਲੈਂਸ ਸੇਵਾ, ਸਕੂਲ ਦੇ ਪ੍ਰਿੰਸੀਪਲਾਂ/ਬਿਲਡਿੰਗ ਇੰਚਾਰਜ ਨਾਲ ਸੰਪਰਕ, ਗੁੰਮੀ ਹੋਈ ਵਸਤੂ ਨੂੰ ਲੱਭਣ, ਅਪਾਹਜ ਵਿਅਕਤੀਆਂ ਨੂੰ ਵੋਟਿੰਗ ਲਈ ਸਹਾਇਤਾ ਪ੍ਰਦਾਨ ਕਰਨ ਅਤੇ ਆਪਣੇ ਬੀ.ਐਲ.ਓ. ਆਦਿ ਨਾਲ ਸਬੰਧਤ ਜਾਣਕਾਰੀ ਇਸ ਤੋਂ ਹਾਸ਼ਲ ਕੀਤੀ ਜਾ ਸਕਦੀ ਹੈ। ਨੌਜਵਾਨ ਵੋਟਰਾਂ ਦੀ ਸਮੂਲੀਅਤ ਵਧਾਉਣ ਲਈ ਇੱਕ ਨਵਾਂ ਉਪਰਾਲਾ ਕੀਤਾ ਗਿਆ ।

ਜਿਸ 'ਚ ਪਹਿਲੀ ਵਾਰ ਵੋਟ ਕਰਨ ਵਾਲੇ ਵੋਟਰ ਆਪਣਾ "ਵੋਟ ਪ੍ਰਸੰਸਾ ਪੱਤਰ" ਪ੍ਰਾਪਤ ਕਰ ਸਕਦੇ ਹਨ । ਉਨ੍ਹਾਂ ਵੋਟਰਾਂ ਨੂੰ ਕਿਹਾ ਕਿ ਉਹ ਆਪਣੇ ਪੋਲਿੰਗ ਸਟੇਸ਼ਨ ਸਬੰਧੀ ਆਪਣੀ ਰੇਟਿੰਗ ਦੇਣ ਦੇ ਨਾਲ ਨਾਲ ਪੋਲਿੰਗ ਬੂਥਾਂ ਤੇ ਕੀਤੇ ਜਾਣ ਵਾਲੇ ਹੋਰ ਸੁਧਾਰਾਂ ਸਬੰਧੀ ਆਪਣੇ ਸੁਝਾਅ ਵੀ ਦੇ ਸਕਦੇ ਹਨ ।






ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com